6

# ਕੁਲੁੱਸੀਆਂ ਲਈ ਪੌਲੁਸ ਦੀਆਂ ਮਿਹਨਤਾਂ
# (1:24-29)

ਮਸੀਹ ਲਈ ਪੌਲੁਸ ਦੀ ਨਿੱਜੀ ਸੇਵਕਾਈ ਵਿਰੋਧ ਅਤੇ ਸਤਾਅ ਵਿਚ ਉਸ ਨੂੰ ਸੇਵਾ ਕਰਨ ਲਈ ਜ਼ਰੂਰੀ ਸੀ। ਉਹਦਾ ਸੰਦੇਸ਼ ਸੀ ਕਿ ਖ਼ੁਦਾ ਦੇ ਪਿਛਲੇ ਭੇਦਾਂ ਨੂੰ ਪਰਗਟ ਕਰ ਦਿੱਤਾ ਗਿਆ ਹੈ ਜਿਸ ਵਿਚ ਹੁਣ ਗੈਰਕੌਮਾਂ ਨੂੰ ਮਸੀਹ ਦੇ ਉਨ੍ਹਾਂ ਵਿਚ ਹੋਣ ਦੇ ਰਾਹੀਂ ਮਹਿਮਾ ਦੀ ਆਸ ਹੋ ਸਕਦੀ ਹੈ। ਪੌਲੁਸ ਦੀਆਂ ਮਿਹਨਤਾਂ ਸਦਕਾ ਹਰ ਮਨੁੱਖ ਉਸ ਦੇ ਡੀਲ ਡੌਲ ਤਕ ਪਹੁੰਚ ਜਾਏ।

## ਉਸ ਦਾ ਅਨੰਦ: ਉਨ੍ਹਾਂ ਦੀ ਖ਼ਾਤਿਰ ਦੁੱਖ ਝੱਲਣਾ (1:24)

**24ਹੁਣ ਮੈਂ ਆਪਣਿਆਂ ਉਨ੍ਹਾਂ ਦੁਖਾਂ ਵਿਚ ਜੋ ਤੁਹਾਡੇ ਲਈ ਝੱਲਦਾ ਹਾਂ ਅਨੰਦ ਹਾਂ ਅਤੇ ਮਸੀਹ ਦੀਆਂ ਬਿਪਤਾਵਾਂ ਦਾ ਘਾਟਾ ਮੈਂ ਉਸ ਦੀ ਦੇਹੀ ਅਰਥਾਤ ਕਲੀਸੀਆ ਦੇ ਲਈ ਆਪਣੇ ਸਰੀਰ ਵਿਚ ਪੂਰਾ ਕਰਦਾ ਹਾਂ।**

**''ਹੁਣ ਮੈਂ ਆਪਣਿਆਂ ਉਨ੍ਹਾਂ ਦੁਖਾਂ ਵਿਚ ਜੋ ਤੁਹਾਡੇ ਲਈ ਝੱਲਦਾ ਹਾਂ ਅਨੰਦ ਹਾਂ'' (1:24)**

ਪੌਲੁਸ ਨੇ ਲਿਖਿਆ, **ਹੁਣ ਮੈਂ ਆਪਣਿਆਂ ਉਨ੍ਹਾਂ ਦੁਖਾਂ ਵਿਚ ਜੋ ਤੁਹਾਡੇ ਲਈ ਝੱਲਦਾ ਹਾਂ ਅਨੰਦ ਹਾਂ।** ਯਿਸੂ ਨੇ ਪੌਲੁਸ ਨੂੰ ਵਿਖਾਇਆ ਸੀ ਕਿ ਉਸਦੀ ਗਵਾਹੀ ਦਿੰਦੇ ਹੋਏ ਉਸ ਨੂੰ ਦੁੱਖ ਝੱਲਣਾ ਪਵੇਗਾ (ਰਸੂਲਾਂ ਦੇ ਕੰਮ 9:16)। ਦੁੱਖ ਅਨੰਦ ਦੇਣ ਵਾਲਾ ਨਹੀਂ ਹੈ। ਜਣੇਪੇ ਦੌਰਾਨ ਮਾਤਾ ਦੀ ਤਕਲੀਫ਼ ਬੇਹੱਦ ਜ਼ਿਆਦਾ ਹੁੰਦੀ ਹੈ, ਪਰ ਉਸ ਨੂੰ ਇਹ ਜਾਣ ਕੇ ਅਨੰਦ ਹੋ ਸਕਦਾ ਹੈ ਕਿ ਉਹਦਾ ਬੱਚਾ ਦੁਨੀਆਂ ਵਿਚ ਆਉਣ ਵਾਲਾ ਹੈ (ਯੂਹੰਨਾ 16:21)। ਪੌਲੁਸ ਦੁੱਖਾਂ ਨਾਲ ਖੁਸ਼ ਨਹੀਂ ਹੋ ਰਿਹਾ ਸੀ ਪਰ ਉਹ ਉਨ੍ਹਾਂ ਫ਼ਾਇਦਿਆਂ ਨਾਲ ਅਨੰਦ ਕਰਦਾ ਸੀ ਜਿਹੜੇ ਕੁਲੁੱਸੀਆਂ ਨੂੰ ਮਿਲ ਸਕਦੇ ਸਨ। ਇਹ ਕਹਿੰਦੇ ਹੋਏ ਕਿ ਜੇ ਉਨ੍ਹਾਂ ਦੇ ਲਈ ਉਸ ਨੂੰ ਕੁਰਬਾਨ ਵੀ ਹੋਣਾ ਪਵੇ ਤਾਂ ਉਸ ਨਾਲ ਉਹਨੂੰ ਖੁਸ਼ੀ ਹੋਵੇਗੀ। ਫ਼ਿਲਿੱਪੀਆਂ ਵਿਚ ਉਸ ਨੇ ਅਜਿਹੇ ਵਿਚਾਰ ਹੀ ਪਰਗਟ ਕੀਤੇ (ਫ਼ਿਲਿੱਪੀਆਂ 2:17)। ਦੁੱਖ ਵਿਚ ਅਨੰਦ ਕਰਨ ਦੀ ਗੱਲ ਦੀ ਹੀ ਯਿਸੂ ਨੂੰ ਆਪਣੇ ਚੇਲਿਆਂ ਤੋਂ ਉਮੀਦ ਸੀ (ਮੱਤੀ 5:10–12; ਵੇਖੋ ਰਸੂਲਾਂ ਦੇ ਕੰਮ 5:41; 16:25; ਯਾਕੂਬ 1:2)। ਸਲੀਬ ਤੇ ਆਪਣੀ ਮੌਤ ਲਈ ਯਿਸੂ ਨੇ ਦੁੱਖ ਹੀ ਝੱਲਿਆ ਸੀ (ਇਬਰਾਨੀਆਂ 12:2)।

ਪੌਲੁਸ ਕੁਲੁੱਸੀਆਂ ਦੀ ਖ਼ਾਤਿਰ ਦੁੱਖ ਕਿਵੇਂ ਝੱਲ ਰਿਹਾ ਸੀ? ਉਸ ਨੇ ਦੱਸਿਆ ਨਹੀਂ। ਸਤਾਏ ਜਾਣ ਦੀਆਂ ਖ਼ਬਰਾਂ ਪਹੁੰਚ ਰਹੀਆਂ ਸਨ ਕਿ ਪੌਲੁਸ ਦੁੱਖ ਝੱਲ ਰਿਹਾ ਹੈ। ਉਸ ਦੇ ਦੁੱਖ ਝੱਲਣ ਨਾਲ ਉਸ ਨੂੰ ਮਸੀਹ ਲਈ ਅਗਵਾਈ ਕਰਨ ਵਾਲੇ ਦੇ ਰੂਪ ਵਿਚ ਸਾਬਿਤ ਕਰ ਦਿੱਤਾ ਹੋਵੇਗਾ। ਉਹਦੇ ਸਾਥੀ ਹਰ ਵਾਰ ਉਹਦੇ ਨਾਲ ਸਤਾਏ ਨਹੀਂ ਗਏ ਸਨ। ਸ਼ਾਇਦ ਇਸ ਲਈ ਕਿਉਂਕਿ ਉਹ ਇੰਜੀਲ ਸੁਣਾਉਣ

ਵਿਚ ਉਹਦੇ ਵਰਗੇ ਨਿਡਰ ਨਹੀਂ ਸਨ (ਵੇਖੋ ਰਸੂਲਾਂ ਦੇ ਕੰਮ 14:19, 20)। ਰਸੂਲਾਂ ਅਤੇ ਭਾਈਆਂ ਵਿਚ ਅਗਵਾਈ ਦੇ ਰੂਪ ਵਿਚ ਉਸ ਦੇ ਦੁੱਖ ਝੱਲ ਲੈਣ ਨਾਲ ਉਸ ਨੂੰ ਰਸੂਲ ਦਾ ਇਖ਼ਤਿਆਰ ਦੇ ਕੇ ਮਸੀਹ ਵਿਚ ਸੱਚੇ ਆਗੂ ਦੇ ਰੂਪ ਵਿਚ ਜਾਣਿਆ ਜਾਣ ਲੱਗਾ। ਇਸਦੇ ਇਲਾਵਾ ਉਸ ਦੇ ਨਮੂਨੇ ਵਿਚ ਉਹਨੂੰ ਵੱਡੇ ਸਤਾਅ ਵਿਚ ਵੀ ਯਿਸੂ ਦਾ ਵਫ਼ਾਦਾਰ ਬਣੇ ਰਹਿਣ ਵਿਚ ਦਿਲੇਰੀ ਮਿਲੀ ਹੋਵੇਗੀ।

ਨਿਹਚਾ ਵਿਚ ਆਗੂ ਦੇ ਰੂਪ ਵਿਚ ਕਈਆਂ ਦੀ ਨਜ਼ਰ ਪੌਲੁਸ ਤੇ ਸੀ ਅਤੇ ਉਸ ਨੂੰ ਇਸ ਗੱਲ ਦਾ ਧਿਆਨ ਰਿਹਾ ਹੋਵੇਗਾ। ਦਿਲੇਰ ਅਤੇ ਕਾਇਮ ਰਹਿ ਕੇ ਉਸ ਦਾ ਉਨ੍ਹਾਂ ਸਭਨਾਂ ਲਈ ਜਿਨ੍ਹਾਂ ਨੂੰ ਪਤਾ ਸੀ ਕਿ ਇੰਜੀਲ ਦੀ ਖ਼ਾਤਿਰ ਉਸ ਉੱਤੇ ਕੀ ਵਾਪਰ ਰਹੀ ਹੈ ਇਕ ਨਮੂਨਾ ਦੇ ਦਿੱਤਾ। ਜੇ ਉਹ ਚੁਣੌਤੀਆਂ ਤੋਂ ਹਾਰ ਮੰਨ ਲੈਂਦਾ ਤਾਂ ਬਹੁਤਿਆਂ ਨੂੰ ਨਿਰਾਸ਼ਾ ਮਿਲਣੀ ਸੀ ਅਤੇ ਉਨ੍ਹਾਂ ਨੇ ਨਿਹਚਾ ਤੋਂ ਫਿਰ ਜਾਣਾ ਸੀ। ਉਹ ਦੇ ਵਧੀਆ ਨਮੂਨੇ ਤੋਂ ਦੂਜਿਆਂ ਨੂੰ ਹੋਰ ਵੀ ਵੱਧ ਮੁਸ਼ਕਿਲਾਂ ਵਿਚ ਮਸੀਹ ਨਾਲ ਜੁੜੇ ਰਹਿਣ ਦੀ ਹਿੰਮਤ ਅਤੇ ਸ਼ਕਤੀ ਮਿਲੀ। ਵਿਲੀਅਮ ਹੈਂਡ੍ਰਿਕਸਨ ਨੇ ਕਿਹਾ ਹੈ, ''ਹੋਰ ਕਈ ਮੁਸ਼ਕਿਲਾਂ ਵਿਚ ਉਹਦਾ ਬਣੇ ਰਹਿਣਾ ਕੁਲੁੱਸੀਆਂ ਨੂੰ ਅਤੇ ਹੋਰ ਥਾਂਵਾਂ ਵਿਚ ਨਿਹਚਾਵਾਨਾਂ ਨੂੰ ਨਿਹਚਾ ਵਿਚ ਬਣੇ ਰਹਿਣ ਲਈ ਨਹੀ ਕਹੇਗਾ?''[1]

ਲਗਾਤਾਰ ਖ਼ਤਰਿਆਂ ਵਿਚ ਵਫ਼ਾਦਾਰ ਰਹਿਣ ਦੇ ਪੌਲੁਸ ਦੇ ਇਰਾਦੇ ਨੇ ਦੂਜਿਆਂ ਨੂੰ ਕਹਿ ਦਿੱਤਾ ਕਿ ਉਹ ਵੀ ਇੰਜ ਹੀ ਕਰਨ ਅਤੇ ਉਹ ਅਜਿਹਾ ਕਰ ਸਕਦੇ ਹਨ। ਉਸ ਨੇ ਇਸ ਗੱਲ ਨੂੰ ਸਮਝਿਆ ਕਿ ਭਾਵੇਂ ਉਹ ਜੇਲ੍ਹ ਦੀਆਂ ਜ਼ੰਜੀਰਾਂ ਵਿਚ ਸੀ ਪਰ ਫਿਰ ਵੀ ਉਸ ਦੇ ਵਫ਼ਾਦਾਰ ਰਹਿਣ ਨਾਲ ਫ਼ਿਲਿੱਪੀਆਂ ਨੂੰ ਫ਼ਾਇਦਾ ਹੋਇਆ। ਉਸ ਨੇ ਲਿਖਿਆ ਕਿ ਦੁੱਖ ਨਾਲ ''ਇੰਜੀਲ ਦੇ ਫੈਲ ਜਾਣ ਦਾ ਹੀ ਕਾਰਣ ਹੋਇਆ'' ਅਤੇ ਇਹ ਕਿ ''ਬਹੁਤੇ ਜੋ ਪ੍ਰਭੂ ਵਿਚ ਭਾਈ ਹਨ ਮੇਰੇ ਬੰਧਨਾਂ ਦੇ ਕਾਰਣ ਤਕੜੇ ਹੋ ਕੇ ਨਿਧੜਕ ਵਚਨ ਸੁਣਾਉਣ ਲਈ ਹੋਰ ਵੀ ਦਿਲੇਰ ਹੋ ਗਏ ਹਨ'' (ਫ਼ਿਲਿੱਪੀਆਂ 1:12, 14)।

### ''ਅਤੇ ਮਸੀਹ ਦੀਆਂ ਬਿਪਤਾਵਾਂ ਦਾ ਘਾਟਾ ਮੈਂ ਉਸ ਦੀ ਦੇਹੀ ਅਰਥਾਤ ਕਲੀਸੀਆ ਦੇ ਲਈ ਆਪਣੇ ਸਰੀਰ ਵਿਚ ਪੂਰਾ ਕਰਦਾ ਹਾਂ'' (1:24)

ਅਨੁਵਾਦ ਹੋਇਆ ਸ਼ਬਦ ''ਪੂਰਾ ਕਰਦਾ ਹਾਂ'' (*antanaplēroō*) ਨਵੇਂ ਨੇਮ ਵਿਚ ਸਿਰਫ਼ ਇੱਥੇ ਹੀ ਮਿਲਦਾ ਹੈ। ਇਹ ਲਿਖਦੇ ਹੋਏ ਕਿ **ਘਾਟਾ . . . ਪੂਰਾ ਕਰਦਾ ਹਾਂ,** ਪੌਲੁਸ ਇਹ ਸੰਕੇਤ ਨਹੀਂ ਦੇ ਰਿਹਾ ਸੀ ਕਿ ਸਾਰੇ ਸੰਸਾਰ ਵਿਚ ਇੰਜੀਲ ਫੈਲਾਉਣ ਵਿਚ ਯਿਸੂ ਦੇ ਕੰਮ ਨੂੰ ਸਿਰਫ਼ ਉਹੀ ਪੂਰਾ ਕਰ ਰਿਹਾ ਸੀ। ਉਹਦੇ ਕਹਿਣ ਦਾ ਭਾਵ ਇਹ ਸੀ ਕਿ ਇਸ ਉਪਰਾਲੇ ਵਿਚ ਉਹ ਆਪਣਾ ਯੋਗਦਾਨ ਦੇ ਰਿਹਾ ਸੀ।

**ਬਿਪਤਾਵਾਂ** (*thlipseis*) ਦਾ ''ਦੁੱਖਾਂ'' (*pathēmata*) ਨਾਲੋਂ, ਜਿਹੜਾ ਪਹਿਲਾਂ ਇਸ ਆਇਤ ਵਿਚ ਆਇਆ ਸੀ ਫ਼ਰਕ ਅਰਥ ਹੈ। ''ਦੁੱਖਾਂ'' ਲਈ ਸ਼ਬਦ ਆਮ ਤੌਰ ਤੇ ਮਾੜੇ ਕੰਮਾਂ ਦੇ ਰਾਹੀਂ ਮਿਲੀ ਤਕਲੀਫ਼ ਦਾ ਸੰਕੇਤ ਦਿੰਦਾ ਹੈ ਅਤੇ ਇਹ ਮਸੀਹ ਦੀ ਸਲੀਬ ਦੀ ਗੱਲ ਹੋ ਸਕਦੀ ਹੈ (2 ਕੁਰਿੰਥੀਆਂ 1:5; ਇਬਰਾਨੀਆਂ 2:9, 10)। ''ਬਿਪਤਾਵਾਂ'' ਲਈ ਸ਼ਬਦ ਵਾਸਤੇ ਐਚ. ਸੀ. ਜੀ. ਮਾਉਲ ਨੇ ਲਿਖਿਆ ਹੈ:

> [ਨਵੇਂ ਨੇਮ] ਵਿਚ ਉੱਥੇ ਹੀ ਅਤੇ ਸਾਡੇ ਮੁਬਾਰਕ ਪ੍ਰਭੂ ਦੇ ਅਨੁਭਵਾਂ ਦੀ ਵਰਤੋਂ ਨਹੀਂ ਕੀਤੀ ਗਈ ਹੈ, ਭਾਵੇਂ ਸਲੀਬ ਦੇ ਜ਼ਬੂਰ ਵਿਚ ਇਹ ਮਿਲਦਾ ਹੈ [ਜ਼ਬੂਰ 22 (LXX ਵਿਚ 21)]। ਇਸਦਾ ਆਮ ਹਵਾਲਾ *ਮੌਤ* ਦੀ ਤਕਲੀਫ਼ ਲਈ ਨਹੀਂ ਬਲਕਿ ਸਤਾਅ ਦੀਆਂ ਮੁਸ਼ਕਿਲਾਂ ਅਤੇ ਤਾੜਨਾ ਲਈ ਹੈ ਅਤੇ ਆਮ ਤੌਰ ਤੇ [ਭਾਰੀ] ਜੀਵਨ ਦੀਆਂ ਮੁਸ਼ਕਿਲਾਂ ਲਈ ਹੈ।[2]

ਅਗਲੀਆਂ ਆਇਤਾਂ ਵਿਚ ਪੌਲੁਸ ਨੇ ਇਹ ਸਮਝਾਉਂਦਿਆਂ ਕਿ ''ਬਿਪਤਾਵਾਂ'' ਤੋਂ ਉਹਦਾ ਕੀ ਭਾਵ ਸੀ, ਆਪਣੀ ਸੇਵਕਾਈ ਦੀ ਚਰਚਾ ਕੀਤੀ। ਆਪਣੇ ਕੰਮ ਦੇ ਫਲ਼ ਦੇ ਰੂਪ ਵਿਚ ਉਸ ਨੇ ਮੁਸ਼ਕਿਲਾਂ ਅਤੇ ਦੁੱਖ ਝੱਲੇ (2 ਕੁਰਿੰਥੀਆਂ 1:4–8; 2:4; 4:8, 17; 7:4, 5; ਫ਼ਿਲਿੱਪੀਆਂ 4:14; 1 ਥੱਸਲੁਨੀਕੀਆਂ 3:4, 7)। 2 ਕੁਰਿੰਥੀਆਂ 11:23–30 ਵਿਚ ਉਸ ਨੇ ਕੁਝ ਖੁੱਲ੍ਹ ਕੇ ਇਸਦਾ ਵਰਣਨ ਕੀਤਾ। ਉਸ ਨੇ ਉਨ੍ਹਾਂ ਬਿਪਤਾਵਾਂ ਦੀ ਗੱਲ ਵੀ ਲਿਖੀ ਜੋ ਮਸੀਹੀ ਲੋਕ ਝੱਲਦੇ ਹਨ (2 ਕੁਰਿੰਥੀਆਂ 1:4; 8:2, 13; 2 ਥੱਸਲੁਨੀਕੀਆਂ 1:4, 6, 7)।

ਮਸੀਹ ਵਿਚ ''ਬਿਪਤਾਵਾਂ'' (ਬਹੁਵਚਨ) ਦੀ ਗੱਲ ਕਰਦੇ ਹੋਏ ਪੌਲੁਸ ਸਲੀਬ ਦੇ ਦੁੱਖ ਨਾਲੋਂ ਕਿਤੇ ਵਧਕੇ ਦੱਸਣਾ ਚਾਹੁੰਦਾ ਸੀ। ਪੌਲੁਸ ਦਾ ਦੁੱਖ ਝੱਲਣਾ ਸਲੀਬ ਉੱਤੇ ਯਿਸੂ ਦੇ ਦੁੱਖ ਝੱਲਣ ਦੇ ਮਕਸਦ ਨਾਲੋਂ ਫ਼ਰਕ ਸੀ। ਪੌਲੁਸ ਦੇ ਕਹਿਣ ਦਾ ਅਰਥ ਆਪਣੀ ਨਿੱਜੀ ਸੇਵਕਾਈ ਦੇ ਦੌਰਾਨ ਅਪਮਾਨ ਅਤੇ ਵਿਰੋਧ ਦੇ ਵਿਚਕਾਰ ਇਨ੍ਹਾਂ ਮਨੁੱਖਾਂ ਦੇ ਰੂਪ ਵਿਚ ਯਿਸੂ ਵੱਲੋਂ ਝੱਲੇ ਜਾਣ ਵਾਲੇ ਬੋਝਾਂ, ਮਿਹਨਤ, ਸ਼ਰਮ ਅਤੇ ਮਿਹਨਤਾਂ ਦੀ ਗੱਲ ਕੀਤੀ (ਇਬਰਾਨੀਆਂ 12:3, 4)। ਅਜਿਹੀ ਪਰੀਖਿਆ ਅਤੇ ਵਿਰੋਧ ਦੇ ਝੱਲਣ ਦੀ ਉਮੀਦ ਉਨ੍ਹਾਂ ਲੋਕਾਂ ਵੱਲੋਂ ਕੀਤੀ ਜਾ ਸਕਦੀ ਹੈ ਜਿਹੜੇ ਇੰਜੀਲ ਦਾ ਪ੍ਰਚਾਰ ਕਰਦੇ ਹਨ। ਯਿਸੂ ਦੇ ਲਈ ਆਪਣੀ ਸੇਵਾ ਦੇ ਕਾਰਣ ਪੌਲੁਸ ਨੇ ਲਿਖਿਆ ਕਿ ''ਮਸੀਹ ਦੇ ਦੁੱਖ ਸਾਡੇ ਲਈ ਬਾਹਲੇ ਹਨ'' (2 ਕੁਰਿੰਥੀਆਂ 1:5)। ਉਸ ਨੇ ਕਿਹਾ ਕਿ ਉਹ ਨੇ ''ਯਿਸੂ ਦੇ ਮਰਨ ਨੂੰ ਆਪਣੀ ਦੇਹ ਵਿਚ'' (2 ਕੁਰਿੰਥੀਆਂ 4:10) ਅਤੇ ''ਯਿਸੂ ਦੇ ਦਾਗਾਂ ਨੂੰ'' (ਗਲਾਤੀਆਂ 6:17) ਲਿਆ ਸੀ। ਉਸ ਦਾ ਮਕਸਦ ''ਉਹਦਿਆਂ ਦੁੱਖਾਂ ਦੀ ਸਾਂਝ ਨੂੰ'' ਮਾਣਨ ਦਾ ਸੀ (ਫਿਲਿੱਪੀਆਂ 3:10)।

ਯਿਸੂ ਦੀਆਂ ਬਿਪਤਾਵਾਂ ਉਨ੍ਹਾਂ ਵਿਚ ਜਿਹੜੇ ਵਚਨ ਦਾ ਪ੍ਰਚਾਰ ਕਰਦੇ ਹਨ ਦੁੱਖਾਂ ਦਾ ਸਿਰਫ਼ ਆਰੰਭ ਹੀ ਸਨ। ਸੁਰਗ ਵਿਚ ਉਸ ਦੇ ਉਪਰ ਉਠਾਏ ਜਾਣ ਦੇ ਬਾਅਦ, ਉਸ ਦੀਆਂ ਬਿਪਤਾਵਾਂ ਉਹਦੇ ਚੇਲਿਆਂ ਦੇ ਨਾਲ ਬਣੀਆਂ ਰਹਿਣੀਆਂ ਸਨ। ਜੇ ਇੰਜੀਲ ਦੇ ਪ੍ਰਚਾਰ ਲਈ ਉਹ ਧਰਤੀ ਤੇ ਰਹਿੰਦਾ ਤਾਂ ਉਹਨੂੰ ਹੋਰ ਦੁੱਖ ਅਤੇ ਵਿਰੋਧ ਦਾ ਸਾਹਮਣਾ ਕਰਨਾ ਪੈਣਾ ਸੀ। ਇਹਦੀ ਥਾਂ ਉਹਦੇ ਕੰਮ ਨੂੰ ਚਾਲੂ ਰੱਖਣ ਅਤੇ ਜਿਹੜਾ ਉਹ ਨੇ ਆਰੰਭ ਕੀਤਾ ਸੀ ਉਹਨੂੰ ਪੂਰਾ ਕਰਨ ਲਈ ਉਹ ਦੇ ਚੇਲਿਆਂ ਨੂੰ ਦੁੱਖ ਝੱਲਣੇ ਪੈਣੇ ਸਨ। ਜਦ ਤਕ ਇੰਜੀਲ ਦਾ ਪ੍ਰਚਾਰ ਕੀਤਾ ਜਾਵੇਗਾ ਵਿਰੋਧ ਹੁੰਦਾ ਰਹੇਗਾ।

> ਇਸ ਤਰ੍ਹਾਂ ਨਾਲ ਕਲੀਸੀਆ ਦੇ ਲਈ ਜੋ ਕਿ ਮਸੀਹ ਦੀ ਦੇਹ ਹੈ ਪੌਲੁਸ ਉਹ ਪੂਰਾ ਕਰਦਾ ਹੈ ਜਿਸਦੀ ਕਮੀ ਅਜੇ ਵੀ ਹੋ ਸਕਦੀ ਹੈ। ਇੰਜ ਉਹ ਸਿਰਫ਼ ਆਪਣੇ ਵਚਨਾਂ ਤੋਂ ਹੀ ਨਹੀਂ ਬਲਕਿ ਆਪਣੇ ਸਰੀਰ ਵਿਚ ਬਲਕਿ ਆਪਣੇ ਅਸਲ, ਸਰੀਰ ਦੀ ਹੋਂਦ ਵਿਚ ਕਰਦਾ ਹੈ। ਇਹਦਾ ਅਰਥ ਸਿਰਫ਼ ''ਮਸੀਹ ਦੀਆਂ ਬਿਪਤਾਵਾਂ ਵਿਚ ਗੁਜ਼ਰਿਆ,'' ਮਸੀਹ ਲਈ ਮੁਸ਼ਕਿਲਾਂ ਝੱਲਣਾ ਹੋ ਸਕਦਾ ਹੈ; ਅਤੇ ਉਹ ਮੁਸ਼ਕਿਲਾਂ ਹੀ ਪ੍ਰਚਾਰ ਨੂੰ ਇਸ ਤਰ੍ਹਾਂ ਪ੍ਰਭਾਵਸ਼ਾਲੀ ਢੰਗ ਨਾਲ ਬਣਾਉਂਦੀਆਂ ਹਨ ਕਿ ਕੁਲੁੱਸੇ ਦੇ ਲੋਕਾਂ ਅਤੇ ਸੰਸਾਰ ਭਰ ਦੇ ਹੋਰ ਸਮਾਜ ਦੇ ਵਿਚ ਇਸਦੀ ਭਰਪੂਰੀ ਮਿਲਦੀ ਹੈ।[3]

ਇਹ ਕਹਿੰਦੇ ਹੋਏ ਕਿ ਉਹ ''ਮਸੀਹ ਦੀਆਂ ਬਿਪਤਾਵਾਂ ਦਾ ਘਾਟਾ'' ਪੂਰਾ ਕਰ ਰਿਹਾ ਹੈ ਪੌਲੁਸ ਦੇ ਕਹਿਣ ਦਾ ਅਰਥ ਇਹ ਨਹੀਂ ਸੀ ਕਿ ਯਿਸੂ ਦੀ ਮੌਤ ਇਕ ਅਧੂਰੀ ਕੁਰਬਾਨੀ ਸੀ ਜਿਸ ਨੂੰ ਪੂਰਾ ਕਰਨ ਲਈ ਹੋਰ ਦੁੱਖ ਝੱਲਣਾ ਜ਼ਰੂਰੀ ਸੀ। ਉਹਨੇ ਸਮਝਾਇਆ ਕਿ ਯਿਸੂ ਨੇ ਆਪਣੀ ਮੌਤ ਦੇ ਰਾਹੀਂ ਮੇਲ ਯਕੀਨੀ ਬਣਾ ਦਿੱਤਾ ਹੈ (ਆਇਤਾਂ 20–22) ਅਤੇ ਮਸੀਹੀ ਲੋਕ ਉਸ ਵਿਚ ਸੰਪੂਰਣ ਹਨ (2:10)। ਯਿਸੂ ਦੀ ਇਕ ਕੁਰਬਾਨੀ ਨੇ ਉਸ ਨੂੰ ਕਾਮਿਲ, ''ਸੰਪੂਰਣ'' (ਇਬਰਾਨੀਆਂ 5:8, 9), ਅਤੇ ਪੂਰਾ ਬਣਾ ਦਿੱਤਾ ਹੈ। ਉਹ ਸਾਰੇ ਸੰਸਾਰ ਦੇ ਸਾਰੇ ਪਾਪਾਂ ਨੂੰ ਢੱਕਣ ਦੇ ਯੋਗ ਹੈ (1 ਯੂਹੰਨਾ 2:2)। ਇਕ ਕੁਰਬਾਨੀ ਨਾਲ (ਇਬਰਾਨੀਆਂ 7:27; 9:26–28; 10:10–14) ਉਸ ਨੇ ਉਨ੍ਹਾਂ

ਸਾਰਿਆਂ ਨੂੰ ਪੂਰਾ ਕਰ ਦਿੱਤਾ ਜਿਹੜਾ ਮਨੁੱਖਾਂ ਦੇ ਬਚਾਏ ਜਾਣ ਲਈ ਜ਼ਰੂਰੀ ਸੀ।

**''ਉਸ ਦੀ ਦੇਹੀ ਅਰਥਾਤ ਕਲੀਸੀਆ ਦੇ ਲਈ ਆਪਣੇ ਸਰੀਰ ਵਿਚ'' (1:24)**

ਆਪਣੇ ਦੁੱਖਾਂ ਦੇ ਕਾਰਣ ਪੌਲੁਸ **ਉਸ ਦੀ ਦੇਹੀ ਅਰਥਾਤ ਕਲੀਸੀਆ ਦੇ ਲਈ ਆਪਣੇ ਸਰੀਰ ਵਿਚ** ਦੀ ਗੱਲ ਕਹਿ ਸਕਿਆ। ਕੁਲੁੱਸੀਆਂ ਲਈ ਉਸ ਦਾ ਦੁੱਖ ਝੱਲਣਾ ਸਿਰਫ਼ ਉਨ੍ਹਾਂ ਲਈ ਨਹੀਂ ਸੀ ਬਲਕਿ ਪੂਰੀ ਦੇਹ ਲਈ ਸੀ। ਹੋਰ ਲੋਕ ਮਸੀਹ ਵੱਲ ਉਹ ਦੇ ਸਮਰਪਣ ਅਤੇ ਮਸੀਹ ਦੀ ਦੇਹ ਲਈ ਉਸ ਦੀ ਸੇਵਾ ਦੇ ਕਾਰਣ ਉਸ ਨੂੰ ਦੁੱਖ ਦੇ ਰਹੇ ਸਨ, ਨਾ ਕਿ ਉਸ ਦੀ ਜੀਵਨ–ਸ਼ੈਲੀ ਦੇ ਕਾਰਣ।

''ਆਪਣੇ ਸਰੀਰ ਵਿਚ'' (*en tē sarki mou*) ਕਹਿਣ ਤੋਂ ਪੌਲੁਸ ਦਾ ਭਾਵ ਉਹ ਸਰੀਰਕ ਦੇਹ ਸੀ ਜਿਸ ਵਿਚ ਉਸ ਦਾ ਅੰਦਰਲਾ ਮਨੁੱਖ ਸੀ (2 ਕੁਰਿੰਥੀਆਂ 4:16; 5:1, 4)। ਉਸ ਨੇ ਆਪਣੇ ਸਰੀਰ ਨੂੰ ਸੁਭਾਵਿਕ ਪਾਪੀ ਨਹੀਂ ਮੰਨਿਆ, ਜਿਵੇਂ ਕਿ ਗਿਆਨਵਾਦੀਆਂ ਨੇ ਬਾਅਦ ਵਿਚ ਸਿੱਖਿਆ ਦਿੱਤੀ।

ਮਸੀਹੀ ਬਣਨ ਤੋਂ ਪਹਿਲਾਂ ਪੌਲੁਸ ਦੂਜਿਆਂ ਦੇ ਹੱਥੋਂ ਜ਼ੁਲਮ ਕੀਤੇ ਜਾਣ ਤੋਂ ਬਿਨਾਂ ਸੀ। ਪਰ ਯਿਸੂ ਦਾ ਚੇਲਾ ਬਣਨ ਤੇ ਉਹ ਲਗਭਗ ਦੁੱਖ ਝੱਲਦਾ ਰਹਿੰਦਾ ਸੀ। ਉਸ ਦਾ ਦੁੱਖ ਝੱਲਣਾ ਉਹਦੇ ਆਪਣੇ ਪਾਪਾਂ ਦੇ ਕਾਰਣ ਨਹੀਂ ਸੀ। ਉਸ ਦੀਆਂ ਮੁਸ਼ਕਿਲਾਂ ਨੇ ਭਾਵੇਂ ਉਸ ਨੂੰ ਖ਼ੁਦਾ ਦੀ ਸਹਾਇਤਾ ਵਿਚ ਅਤੇ ਪੂਰੀ ਤਰ੍ਹਾਂ ਨਾਲ ਭਰੋਸਾ ਰੱਖਣਾ ਸਿਖਾਇਆ ਅਤੇ ਉਹ ਯਿਸੂ ਦੀ ਦੇਹ ਅਰਥਾਤ ਕਲੀਸੀਆ ਲਈ ਵੀ ਫ਼ਾਇਦੇਮੰਦ ਸਾਬਿਤ ਹੋਇਆ। ਉਹ ਇੰਜੀਲ ਨੂੰ ਇਸ ਤਰ੍ਹਾਂ ਨਾਲ ਪ੍ਰਚਾਰ ਕਰ ਸਕਿਆ ਜਿਵੇਂ ਹੋਰ ਕੋਈ ਨਹੀਂ ਫੈਲਾ ਸਕਿਆ। ਜਿਸ ਨਾਲ ਕਲੀਸੀਆ ਪੂਰੇ ਰੋਮੀ ਰਾਜ ਵਿਚ ਜ਼ਿਆਦਾਤਰ ਭਾਗਾਂ ਵਿਚ ਫੈਲ ਗਈ। ਉਸ ਦੇ ਆਪਣੇ ਸਾਰੇ ਯਤਨਾਂ ਦੇ ਕਾਰਣ ਉਨ੍ਹਾਂ ਸਾਰੀਆਂ ਮੁਸ਼ਕਿਲਾਂ ਦੇ ਬਾਵਜੂਦ ਜੋ ਉਹ ਨੇ ਝੱਲੀਆਂ ਸਨ, ਜਿੱਥੇ ਵੀ ਉਹ ਗਿਆ ਉੱਥੇ ਕਲੀਸੀਆਵਾਂ ਬਣੀਆਂ ਅਤੇ ਵਧੀਆਂ। ਮਸੀਹ ਦੀ ਦੇਹ ਵੱਲੋਂ ਉਸ ਦਾ ਕੰਮ ਸੰਸਾਰ ਭਰ ਵਿਚ ਕਲੀਸੀਆਵਾਂ ਨੂੰ ਮਜ਼ਬੂਤ ਕਰਨ ਅਤੇ ਨਵੀਆਂ ਕਲੀਸੀਆਵਾਂ ਬਣਾਉਣਾ ਸੀ। ਇਸਦੇ ਇਲਾਵਾ ਉਹਨੇ ਕਲੀਸੀਆਵਾਂ ਦੀ ਦੇਖਭਾਲ ਲਈ ਵੀ ਵੱਡਾ ਕਸ਼ਟ ਝੱਲਿਆ (2 ਕੁਰਿੰਥੀਆਂ 11:28)।

ਜਿਵੇਂ ਸਤਾਅ ਉਹਨੇ ਝੱਲਿਆ ਉਹ ਕਈ ਵਾਰ ਐਨਾ ਕਠੋਰ ਹੁੰਦਾ ਸੀ ਕਿ ਉਹ ਅੰਦਰੋ ਅੰਦਰ ਦੁਖੀ ਹੁੰਦਾ ਸੀ। ਉਹ ਇੱਥੋਂ ਤਕ ਦੁਖੀ ਹੁੰਦਾ ਸੀ ਕਿ ਉਹ ਜ਼ਿੰਦਗੀ ਤੋਂ ਨਿਰਾਸ਼ ਹੋ ਜਾਂਦਾ ਸੀ (2 ਕੁਰਿੰਥੀਆਂ 1:8, 9; 6:4, 5; 11:23–27)। ਮਸੀਹੀ ਲੋਕਾਂ ਨੂੰ ਉਹਦੇ ਅੰਦਰਲੀ ਭਾਵਨਾ ਅਤੇ ਸਰੀਰਕ ਦੁੱਖ ਦਾ ਕਦੇ ਪਤਾ ਨਹੀਂ ਚੱਲ ਸਕੇਗਾ ਜਿਹੜੇ ਵਿਰੋਧ ਅਤੇ ਸਲੀਬੀ ਰਵੱਈਏ ਵਿਚ ਵਚਨ ਦਾ ਪ੍ਰਚਾਰ ਕਰਦੇ ਸਮੇਂ ਪੌਲੁਸ ਨੇ ਝੱਲਿਆ ਸੀ। ਯਿਸੂ ਨੇ ਉਸ ਨੂੰ ਚਿਤਾਵਨੀ ਦਿੱਤੀ ਕਿ ਉਹ ਨੂੰ ਕੀ ਝੱਲਣਾ ਪਵੇਗਾ ਅਤੇ ਡਰ ਜਾਣ ਵਾਸਤੇ ਸਮਝਾਇਆ ਸੀ (ਰਸੂਲਾਂ ਦੇ ਕੰਮ 9:16; 18:9, 10; 1 ਕੁਰਿੰਥੀਆਂ 2:1–3)।

ਇੰਜੀਲ ਨੂੰ ਫੈਲਾਉਣ ਲਈ ਦੁੱਖ ਝੱਲਦੇ ਹੋਏ ਉਹ ਮਸੀਹ ਦੇ ਦੁੱਖਾਂ ਵਿਚ ਸਾਂਝੀ ਹੋ ਰਿਹਾ ਸੀ। ਮਸੀਹ ਦੇ ਕੰਮ ਲਈ ਦੂਜਿਆਂ ਨਾਲ ਅਜੇ ਬਹੁਤ ਕੁਝ ਝੱਲਣਾ ਬਾਕੀ ਹੋ ਸਕਦਾ ਹੈ; ਯਿਸੂ ਦੇ ਚੇਲਿਆਂ ਦੁਆਰਾ ਦੁੱਖ ਝੱਲਣ ਦੀ ਉਮੀਦ ਵਕਤ ਦੇ ਅੰਤ ਤਕ ਕੀਤੀ ਜਾ ਸਕਦੀ ਹੈ। ਇਕ ਅਰਥ ਵਿਚ ਯਿਸੂ ਦੇ ਜਾਣ ਦੇ ਬਾਅਦ ਪੌਲੁਸ ਨੇ ਉੱਥੇ ਉਹ ਨੂੰ ਚੁੱਕਿਆ ਜਿੱਥੇ ਯਿਸੂ ਨੇ ਛੱਡਿਆ ਸੀ। ਉਹ ਯਿਸੂ ਦੇ ਨਮੂਨੇ ਦਾ ਪਾਲਨ ਕਰਦੇ ਹੋਏ ਹਲੀਮੀ ਦਾ ਨਮੂਨਾ ਬਣਿਆ ਰਿਹਾ (1 ਪਤਰਸ 2:21)।

## ਉਨ੍ਹਾਂ ਉੱਤੇ ਪਰਗਟ ਕੀਤਾ ਗਿਆ ਭੇਤ (1:25-27)

**25ਮੈਂ ਉਸ ਕਲੀਸੀਆ ਦਾ ਸੇਵਕ ਹੋਇਆ ਉਸ ਮੁਖ਼ਤਿਆਰੀ ਮੂਜਬ ਜੋ ਮੈਨੂੰ ਪਰਮੇਸ਼ੁਰ ਦੀ ਵੱਲੋਂ
ਤੁਹਾਡੇ ਲਈ ਦਿੱਤੀ ਹੋਈ ਹੈ ਭਈ ਮੈਂ ਪਰਮੇਸ਼ੁਰ ਦੇ ਵਚਨ ਦੀ ਪੂਰੀ ਕਥਾ ਕਰਾਂ। 26ਅਰਥਾਤ ਉਸ ਭੇਤ
ਦੀ ਜਿਹੜੀ ਸਾਰਿਆਂ ਜੁੱਗਾਂ ਅਤੇ ਪੀੜ੍ਹੀਆਂ ਤੋਂ ਗੁਪਤ ਰਿਹਾ ਪਰ ਹੁਣ ਉਹ ਦੇ ਸੰਤਾਂ ਉੱਤੇ ਪਰਗਟ
ਹੋਇਆ। 27ਜਿਨ੍ਹਾਂ ਨੂੰ ਪਰਮੇਸ਼ੁਰ ਨੇ ਮਹਿਰਮ ਕਰਨਾ ਚਾਹਿਆ ਭਈ ਪਰਾਈਆਂ ਕੌਮਾਂ ਵਿਚ ਇਸ ਭੇਤ
ਦੇ ਧਨ ਦਾ ਪਰਤਾਪ ਕੀ ਹੈ, ਸੋ ਇਹ ਮਸੀਹ ਤੁਹਾਡੇ ਵਿਚ ਪਰਤਾਪ ਦੀ ਆਸ ਹੈ।**

### ''ਮੈਂ ਉਸ ਕਲੀਸੀਆ ਦਾ ਸੇਵਕ ਹੋਇਆ'' (1:25)

ਪੌਲੁਸ ਨੇ ਆਪਣੇ **ਕਲੀਸੀਆ ਦਾ ਸੇਵਕ** (*diakonos,* ''ਕਰਿੰਦਾ, ਵਿਚੋਲਾ, ਦੂਤ'')[4] ਬਣਾਏ ਜਾਣ ਦੇ ਵੱਲ ਇਸ਼ਾਰਾ ਕੀਤਾ। ''ਕਲੀਸੀਆ'' ਸ਼ਬਦ ਯੂਨਾਨੀ ਧਰਮ ਸ਼ਾਸਤਰ ਵਿਚ ਆਇਤ 25 ਵਿਚ ਨਹੀਂ ਮਿਲਦਾ, ਪਰ ਇਹ ਦਾ ਸੰਕੇਤ ਹੈ। ਇੱਥੇ ਪੌਲੁਸ ਨੇ ਆਪਣੇ ਆਪ ਨੂੰ ਡੀਕਨ ਦਾ ਅਹੁਦਾ ਪਾਏ ਹੋਇਆਂ ਦੇ ਰੂਪ ਵਿਚ ਨਹੀਂ ਬਲਕਿ ਉਸ ਨੇ ਕਿਹਾ ਕਿ ਉਹ ਮਸੀਹ ਦਾ ਸੇਵਕ ਹੈ ਜਿਸ ਨੂੰ ਯਿਸੂ ਦੀ ਵੱਲੋਂ ਇਹ ਜ਼ਿੰਮੇਵਾਰੀ ਦਿੱਤੀ ਗਈ ਹੈ। ਉਹ ਨਾ ਸਿਰਫ਼ ਕਲੀਸੀਆ ਦਾ ਸੇਵਕ ਸੀ ਬਲਕਿ ਉਹ ਇੰਜੀਲ ਦਾ ''ਮਨਿਸਟਰ'' ਜਾਂ ਸੇਵਕ ਸੀ (ਆਇਤ 23)।

ਦਮਿਸ਼ਕ ਦੇ ਰਾਹ ਵਿਚ ਪੌਲੁਸ ਨੂੰ ਦਰਸ਼ਣ ਦੇਣ ਦੇ ਵਕਤ ਯਿਸੂ ਨੇ ਪੌਲੁਸ ਨੂੰ ਦੱਸਿਆ ਕਿ ਉਹ ਨੂੰ ''ਸੇਵਕ'' (***hupēretēs;*** ਰਸੂਲਾਂ ਦੇ ਕੰਮ 26:16) ਹੋਣ ਲਈ ਚੁਣਿਆ ਹੈ। 1 ਕੁਰਿੰਥੀਆਂ 4:1 ਵਿਚ ਯਿਸੂ ਲਈ ਪੌਲੁਸ ਦੀ ਸੇਵਾ ਦੇ ਲਈ ਇਹੀ ਸ਼ਬਦ ਵਰਤਿਆ ਗਿਆ ਹੈ। ਇਸੇ ਤਰ੍ਹਾਂ ਇਸ ਦੀ ਵਰਤੋਂ ਯੂਹੰਨਾ ਮਰਕੁਸ (ਰਸੂਲਾਂ ਦੇ ਕੰਮ 13:5); ਸੇਵਕਾਂ ਜਾਂ ਸਹਾਇਕਾਂ (ਲੂਕਾ 1:2; 4:20); ਅਤੇ ਅਧਿਕਾਰੀਆਂ (ਮੱਤੀ 5:25; 26:58; ਯੂਹੰਨਾ 7:32; 18:3) ਦੇ ਸਬੰਧ ਵਿਚ ਕੀਤਾ ਗਿਆ ਹੈ।

ਇਨ੍ਹਾਂ ਆਇਤਾਂ ਵਿਚ ਪੌਲੁਸ ਨੇ ਸਮਝਾਇਆ ਕਿ ਉਹ ਨਾ ਸਿਰਫ਼ ਮਸੀਹ ਬਲਕਿ ਕਲੀਸੀਆ ਦੀ ਸੇਵਾ ਵੀ ਕਰਦਾ ਸੀ। ਪਰ ਕਲੀਸੀਆ ਦੀਆਂ ਜ਼ਰੂਰਤਾਂ ਦੀ ਸੇਵਾ ਕਰਦੇ ਹੋਏ ਉਹ ਯਿਸੂ ਦੀ ਸੇਵਾ ਕਰ ਰਿਹਾ ਸੀ। ਮਸੀਹੀ ਲੋਕ ਆਪਣੇ ਆਪ ਨੂੰ ਆਪਣੇ ਸਾਥੀ ਮਸੀਹੀ ਲੋਕਾਂ ਨਾਲੋਂ ਵੱਖ ਕਰਕੇ ਯਿਸੂ ਦੀ ਸੱਚੀ ਸੇਵਾ ਨਹੀਂ ਕਰ ਸਕਦੇ। ਯਿਸੂ ਨੇ ਕਿਹਾ, ''ਮੈਂ ਤੁਹਾਨੂੰ ਸੱਚ ਆਖਦਾ ਹਾਂ ਭਈ ਜਦ ਤੁਸਾਂ ਮੇਰੇ ਇਨ੍ਹਾਂ ਸਭਨਾਂ ਤੋਂ ਛੋਟੇ ਭਰਾਵਾਂ ਵਿੱਚੋਂ ਇਕ ਨਾਲ ਇਹ ਕੀਤਾ ਤਾਂ ਮੇਰੇ ਨਾਲ ਕੀਤਾ'' (ਮੱਤੀ 25:40)।

### ''ਉਸ ਮੁਖ਼ਤਿਆਰੀ ਮੂਜਬ ਜੋ ਮੈਨੂੰ ਪਰਮੇਸ਼ੁਰ ਦੀ ਵੱਲੋਂ'' (1:25)

ਪਿਤਾ ਅਤੇ ਪੁੱਤਰ ਇਕ ਦੂਜੇ ਦੇ ਨਾਲ ਮਿਲ ਕੇ ਕੰਮ ਕਰਦੇ ਹਨ। ਯਿਸੂ ਨੇ ਬੇਈਮਾਨ ਭੰਡਾਰੀ ਦੇ ਵਿਰਤਾਂਤ ਵਿਚ ਜਿਹਦਾ ਭੰਡਾਰੀਪਨ ਉਸ ਕੋਲੋ ਲੈ ਲਏ ਜਾਣ ਨੂੰ ਸੀ, ਕਿਸੇ ਦੂਜੇ ਦੀ ਸੇਵਾ ਵਿਚ ਜ਼ਿੰਮੇਵਾਰ ਦੇ ਅਹੁਦੇ ਭਾਵ **ਪ੍ਰਬੰਧ** (*oikonomia*) ਅਰਥਾਤ ਮੁਖ਼ਤਿਆਰ ਦੇ ਸਿਧਾਂਤ ਤੇ ਵਿਚਾਰ ਕੀਤਾ (ਲੂਕਾ 16:1–4, 8)। ਮੂਲ ਸ਼ਬਦ *oikonomia* ਦੇ ਰੂਪਾਂ ਵਿਚ ਅਨੁਵਾਦ ''ਮਾਤਬਰ'' ਜਾਂ ''ਬੁੱਧਵਾਨ'' (ਲੂਕਾ 12:42; 1 ਕੁਰਿੰਥੀਆਂ 9:17; ਅਫ਼ਸੀਆਂ 3:2; ਤੀਤੁਸ 1:7; 1 ਪਤਰਸ 4:10); ''ਖਜ਼ਾਨਚੀ'' (ਰੋਮੀਆਂ 16:23); ''ਮੁਖ਼ਤਿਆਰ'' (ਗਲਾਤੀਆਂ 4:2); ਅਤੇ ''ਪ੍ਰਬੰਧ'' ਹੋਇਆ ਹੈ (ਅਫ਼ਸੀਆਂ 1:10; 1 ਤਿਮੋਥਿਉਸ 1:4)।

ਯਿਸੂ ਨੇ ਪੌਲੁਸ ਨੂੰ ਇੰਜੀਲ ਦਾ ਪ੍ਰਚਾਰ ਕਰਨ ਦਾ ਜ਼ਿੰਮਾ ਦਿੱਤਾ। ਆਪਣੀ ਜ਼ਿੰਮੇਵਾਰੀ ਨੂੰ ਪੂਰਾ

ਕਰਦੇ ਹੋਏ ਪੌਲੁਸ ਨੇ ਮੰਨਿਆ ਕਿ ਉਸ ਦਾ ਜੀਵਨ, ਸਮਾਂ, ਧੰਨ ਅਤੇ ਹੁਨਰ ਯਿਸੂ ਦੇ ਹਨ ਅਤੇ ਉਸ ਦੀ ਵਰਤੋਂ ਉਸਦੀ ਸੇਵਾ ਵਿਚ ਕੀਤੀ ਜਾਵੇ। ਇਸ ਕਾਰਣ ਉਸ ਨੇ ਪਹਿਲਾਂ ਜੋ ਕੁਝ ਉਸ ਨੂੰ ਦਿੱਤਾ ਗਿਆ ਸੀ ਉਸ ਦੀ ਵਰਤੋਂ ਵਫ਼ਾਦਾਰੀ ਦੇ ਨਾਲ ਕਰਨ ਦੀ ਜ਼ਿੰਮੇਵਾਰੀ ਸਮਝੀ (1 ਕੁਰਿੰਥੀਆਂ 4:1, 2)। ਪੌਲੁਸ ਨੇ ਇਹ ਮੰਨਦੇ ਹੋਏ ਕਿ ਉਸ ਨੇ ਯਿਸੂ ਨੂੰ ਹਿਸਾਬ ਦੇਣਾ ਹੈ (2 ਕੁਰਿੰਥੀਆਂ 5:10), ਮਨੁੱਖਾਂ ਦੇ ਇਲਾਵਾ ਖ਼ੁਦਾ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ (ਗਲਾਤੀਆਂ 1:10–12)।

**''ਤੁਹਾਡੇ ਲਈ ਦਿੱਤੀ ਹੋਈ ਹੈ ਭਈ ਮੈਂ ਪਰਮੇਸ਼ੁਰ ਦੇ ਵਚਨ ਦੀ ਪੂਰੀ ਕਥਾ ਕਰਾਂ''** (1:25)

ਪੌਲੁਸ ਨੇ ਆਪਣੀ ਮੁਖ਼ਤਿਆਰੀ ਆਪ ਹੀ ਸ਼ੁਰੂ ਨਹੀਂ ਕੀਤੀ ਸੀ। ਯਿਸੂ ਨੇ ਉਸ ਨੂੰ ਆਪਣੀ ਇੱਛਾ ਦੇ ਨਾਲ ਦਿੱਤੀ ਸੀ।[5] ਉਹ ਦੇ ਮੁਖ਼ਤਿਆਰਪਣ ਵਿਚ ਪਹਿਲਾਂ ਤਾਂ ਯਹੂਦੀ (ਰੋਮੀਆਂ 1:16; ਵੇਖੋ ਰਸੂਲਾਂ ਦੇ ਕੰਮ 13:14–16; 14:1; 17:1), ਫਿਰ ਗੈਰਕੌਮ ਸਨ (ਰੋਮੀਆਂ 11:13; ਗਲਾਤੀਆਂ 2:8, 9)। ਕੁਲੁੱਸੀਆਂ ਨੂੰ ਸ਼ਾਮਿਲ ਕੀਤਾ ਭਾਵੇਂ ਪੌਲੁਸ ਦਾ ਕੰਮ ਖਾਸਕਰ ਉਨ੍ਹਾਂ ਨਾਲ ਨਹੀਂ ਸੀ।

ਪੌਲੁਸ ਦੇ ਮੁਖ਼ਤਿਆਰੀ ਦਾ ਮਕਸਦ ਹਰ ਕਿਸੇ ਤੋਂ ਜਿਸ ਨੂੰ ਉਹ ਮਿਲੇ ਯਿਸੂ ਦੀ ਪੂਰੀ ਕਥਾ ਦੱਸਣ ਦਾ ਸੀ। ਉਹ ਨੇ ਲਗਨ ਨਾਲ ਇਸ ਕੰਮ ਨੂੰ ਪੂਰਾ ਕੀਤਾ। ਉਹ ਨੇ ਅਫ਼ਸੀਆਂ ਦੇ ਬਜ਼ੁਰਗਾਂ ਨੂੰ ਦੱਸਿਆ, ''ਮੈਂ ਤੁਹਾਡੇ ਭਲੇ ਦੀ ਕੋਈ ਗੱਲ ਦੱਸਣ ਵਿਚ ਕੁਝ ਫਰਕ ਨਹੀਂ ਕੀਤਾ ...''; ''ਕਿਉਂ ਜੋ ਮੈਂ ਤੁਹਾਨੂੰ ਪਰਮੇਸ਼ੁਰ ਦੀ ਸਾਰੀ ਮੱਤ ਦੱਸਣ ਤੋਂ ਨਹੀਂ ਝਕਿਆ'' (ਰਸੂਲਾਂ ਦੇ ਕੰਮ 20:20, 27)।

ਕੁਲੁੱਸੀਆਂ ਵਿਚ ਸਿਰਫ਼ ਇੱਥੇ ਹੀ **ਪਰਮੇਸ਼ੁਰ ਦੇ ਵਚਨ** ਦੀ ਗੱਲ ਹੈ। ਹੋਰ ਵਾਕ ਅੰਸ਼ਾਂ ਵਿਚ ''ਖੁਸ਼ਖ਼ਬਰੀ ਦੀ ਸਚਿਆਈ ਦੇ ਵਚਨ'' (1:5), ''ਮਸੀਹ ਦਾ ਵਚਨ'' (3:16), ਅਤੇ ''ਵਚਨ'' (4:3) ਦੇ ਨਾਲ ਦਿੱਤਾ ਗਿਆ ਹੈ। ਯਿਸੂ ਨੇ ਪਵਿੱਤਰ ਆਤਮਾ ਦੇ ਰਾਹੀਂ ਨਵੇਂ ਨੇਮ ਦੇ ਲੇਖਕਾਂ ਨੂੰ (ਯੂਹੰਨਾ 14:26; 16:13–15; ਅਫ਼ਸੀਆਂ 3:3–5) ਓਸ ਵਚਨ ਨੂੰ ਪਰਗਟ ਕੀਤਾ ਜਿਹੜਾ ਉਸ ਨੂੰ ਪਿਤਾ ਵੱਲੋਂ ਮਿਲਿਆ ਸੀ (ਯੂਹੰਨਾ 12:49, 50; 17:8)।

ਖ਼ੁਦਾ ਦੇ ਵਚਨ ਦਾ ਪ੍ਰਚਾਰ ਕਰਨਾ ਪੌਲੁਸ ਲਈ ਸਭ ਤੋਂ ਪਹਿਲਾਂ ਸੀ, ਜਿਵੇਂ ਕਿ ਤਿਮੋਥਿਉਸ ਨੂੰ ਉਸ ਦੀ ਤਾੜਨਾ ਵਿਚ ਵੇਖਿਆ ਜਾ ਸਕਦਾ ਹੈ (2 ਤਿਮੋਥਿਉਸ 4:2)। ਉਹ ''ਪਰਮੇਸ਼ੁਰ ਦਾ ਵਚਨ'' ਹੀ ਸੁਣਾਉਂਦਾ ਅਤੇ ਸਿਖਾਉਂਦਾ ਸੀ।[6]

**''ਅਰਥਾਤ ਉਸ ਭੇਤ ਦੀ ਜਿਹੜੀ ਸਾਰਿਆਂ ਜੁੱਗਾਂ ਅਤੇ ਪੀੜ੍ਹੀਆਂ ਤੋਂ ਗੁਪਤ ਰਿਹਾ''** (1:26)

**ਭੇਤ** (*mustērion*) ਦਾ ਅਰਥ ਇਕ ਸਚਿਆਈ ਹੈ ਜਿਹੜੀ ਪਰਗਟ ਨਹੀਂ ਕੀਤੀ ਅਤੇ ਉਸ ਦੇ ਪਰਗਟ ਕੀਤੇ ਜਾਣ ਤੇ ਉਸ ਨੂੰ ਸਮਝਿਆ ਨਹੀਂ ਜਾ ਸਕਦਾ। ਜੇ. ਬੀ. ਲਾਈਟਫ਼ੁਟ ਨੇ ਕਿਹਾ ਹੈ, ''... ਇਹ ਸ਼ਬਦ ਅਸਾਨ ਰੂਪ ਵਿਚ 'ਸਚਿਆਈ ਜਿਹੜੀ ਕਦੇ ਲੁਕੀ ਹੋਈ ਸੀ, ਪਰ ਹੁਣ ਸਾਹਮਣੇ ਆ ਗਈ ਹੈ' 'ਸਚਿਆਈ ਜਿਹੜੀ ਬਿਨਾਂ ਖਾਸ ਮੁਕਾਸ਼ਫ਼ੇ ਦੇ ਲੁਕੀ ਰਹਿਣੀ ਸੀ' ਦਾ ਸੰਕੇਤ ਦਿੱਤਾ ਹੈ।''[7] ਇਸ ਦਾ ਅਰਥ ਇਹ ਨਹੀਂ ਸੀ ਕਿ ਜਿਹੜਾ ਭੇਤ ਜਾਂ ਉਸ ਦਾ ਪਤਾ ਨਹੀਂ ਲਾਇਆ ਜਾ ਸਕਦਾ ਸੀ। ਪੁਰਾਣੇ ਨੇਮ ਵਿਚ ਭਵਿੱਖਬਾਣੀ ਦੇ ਕੁਝ ਵਾਕ ਨਵੇਂ ਨੇਮ ਦੀ ਲਿਖਤ ਦੀ ਸਹਾਇਤਾ ਦੇ ਬਿਨਾਂ ਭੇਤ ਹੀ ਬਣੇ ਰਹਿੰਦੇ, ਉਨ੍ਹਾਂ ਦੀ ਕਦੇ ਸਮਝ ਨਹੀਂ ਆਉਣੀ ਸੀ (2 ਕੁਰਿੰਥੀਆਂ 3:14)।

ਯਿਸੂ ਨੇ ਚੇਲਿਆਂ ਨੂੰ ਦੱਸਿਆ ਕਿ ਰਾਜ ਦੇ ਭੇਤਾਂ ਨੂੰ ਜਾਣਨ ਦੀ ਸਮਝ ਭੀੜ ਨੂੰ ਨਹੀਂ, ਉਨ੍ਹਾਂ ਨੂੰ ਦਿੱਤੀ ਗਈ ਸੀ (ਮੱਤੀ 13:11)। ਪੌਲੁਸ ਨੇ ਮੁਕਤੀ ਦੀ ਖ਼ੁਦਾ ਦੀ ਯੋਜਨਾ ਅਤੇ ਯਿਸੂ ਦੇ ਰਾਹੀਂ ਬਰਕਤਾਂ ਦੇ ਸਬੰਧ ਵਿਚ ਕਿਸੇ ਸ਼ਬਦ ਦੀ ਵਰਤੋਂ ਕੀਤੀ।[8] ਭੇਤ ਦਾ ਮੁੱਖ ਭਾਗ ਇਹ ਸੀ ਕਿ ਖ਼ੁਦਾ ਨੇ ਗੈਰਕੌਮਾਂ ਅਤੇ ਯਹੂਦੀਆਂ ਨੂੰ ਇੱਕੋ ਪਰਿਵਾਰ ਦੇ ਲੋਕਾਂ ਦੇ ਰੂਪ ਵਿਚ ਕਬੂਲ ਕਰਨਾ ਸੀ (ਅਫ਼ਸੀਆਂ

3:3, 6)।

ਯਿਸੂ ਦੇ ਆਉਣ ਤੋਂ ਪਹਿਲਾਂ ਮਸੀਹ ਦੇ ਸਬੰਧ ਵਿਚ ਪੁਰਾਣੇ ਨੇਮ ਦੀ ਭਵਿੱਖਬਾਣੀ **ਜੁੱਗਾਂ ਅਤੇ ਪੀੜ੍ਹੀਆਂ ਤੋਂ ਗੁਪਤ** ਰਹੀ ਸੀ। ਉਨ੍ਹਾਂ ਤੇ ਉਦੋਂ ਤਕ ਪਰਦਾ ਪਿਆ ਰਿਹਾ ਜਦ ਤਕ ਖ਼ੁਦਾ ਨੇ ਆਪਣੇ ਮਿਥੇ ਹੋਏ ਸਮੇਂ ਵਿਚ ਉਨ੍ਹਾਂ ਦਾ ਅਰਥ ਦੱਸਣ ਦਾ ਇਰਾਦਾ ਨਹੀਂ ਕੀਤਾ। ਅਫ਼ਸੀਆਂ 3:3–5 ਵਿਚ ਪੌਲੁਸ ਨੇ ਇਸ ਦਾ ਸੰਕੇਤ ਦਿੱਤਾ। ਉੱਥੇ ਉਹ ਨੇ ਕਿਹਾ ਕਿ ਅਸੀਂ ਉਹ ਨੂੰ ਜਿਹੜਾ ਉਹਨੇ ਲਿਖਿਆ ਸੀ ਪੜ੍ਹ ਕੇ ''ਜੁੱਗਾਂ'' ਦੇ ਭੇਤ ਨੂੰ ਸਮਝ ਸਕੀਏ।

ਪੁਰਾਣੇ ਨੇਮ ਦੀ ਭਵਿੱਖਬਾਣੀ ਨੂੰ ਸਮਝਣ ਲਈ ਮੁਕਾਸ਼ਫ਼ੇ ਦੀ ਲੋੜ ਦਾ ਵਧੀਆ ਉਦਾਹਰਣ ਹਬਸ਼ੀ ਖੋਜਾ ਹੈ। ਉਸ ਨੂੰ ਤਦ ਤਕ ਇਸ ਗੱਲ ਦੀ ਸਮਝ ਨਹੀਂ ਸੀ ਕਿ ਯਸਾਯਾਹ 53 ਦਾ ਕੀ ਅਰਥ ਹੈ ਜਦ ਤਕ ਫ਼ਿਲਿਪੁਸ ਨੇ ਉਹ ਨੂੰ ਯਿਸੂ ਦੇ ਬਾਰੇ ਦੱਸਿਆ ਨਹੀਂ ਸੀ (ਰਸੂਲਾਂ ਦੇ ਕੰਮ 8:30–39)।

ਯਿਸੂ ਅਤੇ ਉਸ ਦੇ ਆਉਣ ਨਾਲ ਜੁੜੀਆਂ ਘਟਨਾਵਾਂ ਦੇ ਸਬੰਧ ਵਿਚ ਭਵਿੱਖਬਾਣੀਆਂ ਸੰਸਾਰ ਦੇ ਇਤਿਹਾਸ ਦੇ ਆਰੰਭ ਤੋਂ ਸ਼ੁਰੂ ਹੋਈਆਂ ਸਨ। ਯਿਸੂ ਦੇ ਆਉਣ ਦੇ ਲਗਭਗ 1,500 ਸਾਲ ਪਹਿਲਾਂ ਸ਼ਰ੍ਹਾ ਦੇ ਦਿੱਤੇ ਜਾਣ ਤੋਂ ਪਹਿਲਾਂ ਅਤੇ ਬਾਅਦ ਵਿਚ ਉਸ ਦੇ ਸਬੰਧ ਵਿਚ ਕਈ ਗੱਲਾਂ ਕਹੀਆਂ ਗਈਆਂ ਸਨ। ਇਨ੍ਹਾਂ ਗੱਲਾਂ ਨੂੰ ਤਦ ਤਕ ਸਮਝਣਾ ਲਗਭਗ ਨਾਮੁਮਕਿਨ ਸੀ ਜਦ ਤਕ ਯਿਸੂ ਨੇ ਆਪਣੇ ਜੀਵਨ ਅਤੇ ਸਿੱਖਿਆ ਦੇ ਰਾਹੀਂ ਭਵਿੱਖਬਾਣੀਆਂ ਨੂੰ ਪੂਰੀ ਤਸਵੀਰ ਨਾਲ ਮਿਲਾਉਣ ਵਿਚ ਸਹਾਇਤਾ ਨਹੀਂ ਕੀਤੀ (ਲੂਕਾ 24:44)। ਸਚਮੁਚ ਮੁਕਤੀ ਦੀ ਖ਼ੁਦਾ ਦੀ ਯੋਜਨਾ ਵਿਚ ਉਸ ਦੀ ਭੂਮਿਕਾ ਇਕ ਭੇਦ ਸੀ ਜਿਹੜਾ ਪਿਛਲੀ ਕਈ ਪੀੜ੍ਹੀਆਂ ਤੋਂ ਗੁਪਤ ਸੀ।

### ''ਪਰ ਹੁਣ ਉਹ ਦੇ ਸੰਤਾਂ ਉੱਤੇ ਪਰਗਟ ਹੋਇਆ'' (1:26)

ਭੇਤ ਪਹਿਲਾਂ ਗੁਪਤ ਸੀ ਪਰ ਹੁਣ ਪਰਗਟ ਕੀਤਾ ਜਾ ਚੁੱਕਿਆ ਹੈ। ਖ਼ੁਦਾ ਨੇ ਇਸ ਨੂੰ ਆਪਣੀ ਹੀ ਸਮਾਂ ਸਾਰਣੀ ਦੇ ਅਨੁਸਾਰ ਪਰਗਟ ਕੀਤਾ ਹੈ (ਗਲਾਤੀਆਂ 4:4)। ਹੁਣ ਇਹ ਸਮਝ ਵਿਚ ਆਉਣ ਵਾਲੀ ਸਚਿਆਈ ਹੈ।

ਖੁਸ਼ਖਬਰੀ ਦੀ ਮੁੱਖ ਗੱਲ ਜਿਹੜੀ ਭੇਤ ਵਿਚ ਗੁਪਤ ਅਤੇ ਲੁਕੀ ਹੋਈ ਸੀ ਉਹ ਆਪ ਯਿਸੂ ਹੈ (1 ਤਿਮੋਥਿਉਸ 3:16; ਅਫ਼ਸੀਆਂ 3:4–6)। ਉਹਦੇ ਆਉਣ ਨਾਲ ਨਾ ਸਿਰਫ਼ ਇਸਰਾਏਲੀਆਂ ਨੂੰ ਬਲਕਿ ਗੈਰਕੌਮਾਂ ਸਣੇ ਸਭ ਲੋਕਾਂ ਨੂੰ ਬਰਕਤ ਮਿਲਣੀ ਸੀ। ਇਹ ਸਚਿਆਈ ਨਾਲ ਸਬੰਧਤ ਪੁਰਾਣੇ ਨੇਮ ਦੇ ਕਈ ਵਾਕਾਂ ਵਿਚ ਇਸਦਾ ਸੰਕੇਤ ਸੀ।[9]

ਨਵੇਂ ਨੇਮ ਦੇ ਰਾਹੀਂ ਭੇਤ ਸੰਤਾਂ ਉੱਤੇ ਪਰਗਟ ਕਰ ਦਿੱਤਾ ਗਿਆ ਹੈ। ਕੁਲੁੱਸੇ ਦੇ ਲੋਕ ਇਕੱਲੇ ਨਹੀਂ ਸਨ ਜਿਨ੍ਹਾਂ ਨੂੰ ਇਸ ਭੇਤ ਦਾ ਪਤਾ ਚੱਲ ਸਕਦਾ ਸੀ ਕਿ ਇੰਜੀਲ ਨੂੰ ਪਰਗਟ ਕਰ ਦਿੱਤਾ ਗਿਆ ਹੈ, ਕਿਉਂਕਿ ਹੁਣ ਇਹ ਪੂਰੇ ਸੰਸਾਰ ਵਿਚ ਸੁਣਾਈ ਜਾ ਚੁੱਕੀ ਹੈ (ਮਰਕੁਸ 16:15)। ਖ਼ੁਦਾ ਦੇ ਸੰਤ ਉਹ ਹਨ ਜਿਨ੍ਹਾਂ ਨੂੰ ਭੇਤ ਸਮਝ ਆ ਗਿਆ ਹੈ। ਇਹ ਉਨ੍ਹਾਂ ਉੱਤੇ ਨਿੱਜੀ ਤੇ ਅਤੇ ਸਿੱਧੇ ਤੌਰ ਤੇ ਪਰਗਟ ਨਹੀਂ ਕੀਤਾ ਗਿਆ ਸੀ। ਰਸੂਲਾਂ ਅਤੇ ਨਬੀਆਂ ਉੱਤੇ ਇਹ ਭੇਤ ਪਵਿੱਤਰ ਆਤਮਾ ਦੇ ਰਾਹੀਂ ਪਰਗਟ ਕੀਤਾ ਗਿਆ ਸੀ (ਅਫ਼ਸੀਆਂ 3:3–5)। ਉਨ੍ਹਾਂ ਨੇ ਇਸ ਨੂੰ ਪਵਿੱਤਰ ਆਤਮਾ ਦੇ ਰਾਹੀਂ ਇਨ੍ਹਾਂ ਨੂੰ ਪਰਗਟ ਕੀਤੇ ਗਏ ਸ਼ਬਦਾਂ ਵਿਚ ਦੂਜਿਆਂ ਨੂੰ ਦੱਸਿਆ (1 ਕੁਰਿੰਥੀਆਂ 2:9–13)।

ਕੁਝ ਲੋਕਾਂ ਨੇ 1 ਕੁਰਿੰਥੀਆਂ 2:14, 15 ਤੋਂ ਇਹ ਨਿਚੋੜ ਕੱਢਿਆ ਹੈ ਕਿ ਅੱਜ ਪਵਿੱਤਰ ਆਤਮਾ ਦੀ ਸਹਾਇਤਾ ਦੇ ਬਿਨਾਂ ਖ਼ੁਦਾ ਦੇ ਵਚਨ ਨੂੰ ਸਮਝਿਆ ਨਹੀਂ ਜਾ ਸਕਦਾ। ਪੌਲੁਸ ਨੇ ਇਹ ਨਹੀਂ ਕਿਹਾ ਕਿ ਗੈਰ ਮਸੀਹੀ ਲੋਕ ਖ਼ੁਦਾ ਦੇ ਵਚਨ ਨੂੰ ਸਮਝ ਨਹੀਂ ਸਕਦੇ। ਇਹਦੇ ਉਲਟ ਉਹ ਨੇ ਲਿਖਿਆ ਕਿ ''ਸਰੀਰਕ ਮਨੁੱਖ'' ਆਤਮਾ ਦੀਆਂ ਗੱਲਾਂ ਨੂੰ ਕਬੂਲ ਨਹੀਂ ਕਰਦਾ ਕਿਉਂਕਿ ਉਸ ਦੇ ਲਈ ਇਹ ਮੂਰਖਤਾ ਹੈ। ਉਹ ਰੂਹਾਨੀ ਗੱਲਾਂ ਨੂੰ ਸਹੀ ਸੋਚ ਨਾਲ ਸਮਝਣ ਦੀ ਕੋਸ਼ਿਸ਼ ਨਹੀਂ ਕਰੇਗਾ

ਕਿਉਂਕਿ ਉਸ ਦੇ ਲਈ ਇਹ ਮੂਰਖਤਾ ਦੀਆਂ ਗੱਲਾਂ ਹਨ (1 ਕੁਰਿੰਥੀਆਂ 1:18, 23)।

ਜੇ ਖ਼ੁਦਾ ਦਾ ਵਚਨ ਗੁਆਚੇ ਹੋਏ ਲੋਕ ਸਮਝ ਨਹੀਂ ਸਕਦੇ ਤਾਂ ਉਨ੍ਹਾਂ ਲਈ ਇਹਨੂੰ ਪੜ੍ਹਨਾ ਜਾਂ ਪ੍ਰਚਾਰ ਕੀਤੇ ਜਾਣ ਤੇ ਸੁਣਨਾ ਕਿਸੇ ਕੰਮ ਦਾ ਨਹੀਂ ਹੋਣਾ ਸੀ। ਇੰਜੀਲ (ਅਫ਼ਸੀਆਂ 1:13) ਗੁਆਚੇ ਹੋਇਆਂ ਨੂੰ ਸਮਝਾਈ ਜਾਣੀ *ਜ਼ਰੂਰੀ* ਹੈ ਕਿਉਂਕਿ ਇਹ ਦੇ ਸੰਦੇਸ਼ ਵਿਚ ਉਨ੍ਹਾਂ ਦੇ ਬਚਾਏ ਜਾਣ ਦਾ ਇੱਕੋ ਇਕ ਜ਼ਰੀਆ ਹੈ (ਰਸੂਲਾਂ ਦੇ ਕੰਮ 11:14; ਰੋਮੀਆਂ 1:16)। ਪਰ ਗੁਆਚੇ ਹੋਏ ਸਭ ਲੋਕ ਇਸ ਨੂੰ ਨਹੀਂ ਮੰਨਣਗੇ, ਕਿਉਂਕਿ ਉਨ੍ਹਾਂ ਵਿੱਚੋਂ ਜ਼ਿਆਦਾਤਰ ਲੋਕਾਂ ਦੀ ਰੂਹਾਨੀ ਗੱਲਾਂ ਵਿਚ ਕੋਈ ਦਿਲਚਸਪੀ ਨਹੀਂ ਹੈ (ਮੱਤੀ 7:13, 14)।

### ''ਜਿਨ੍ਹਾਂ ਨੂੰ ਪਰਮੇਸ਼ੁਰ ਨੇ ਮਹਿਰਮ ਕਰਨਾ ਚਾਹਿਆ ਭਈ ਪਰਾਈਆਂ ਕੌਮਾਂ ਵਿਚ ਇਸ ਭੇਤ ਦੇ ਧਨ ਦਾ ਪਰਤਾਪ ਕੀ ਹੈ'' (1:27)

**ਪਰਾਈਆਂ ਕੌਮਾਂ** (*ethnē*, ਜਿਸ ਤੋਂ ਸਾਨੂੰ ਅੰਗ੍ਰੇਜ਼ੀ ਸ਼ਬਦ ''ethnic'' ਮਿਲਿਆ ਹੈ) ਦਾ ਅਰਥ ''ਲੋਕ'' ਜਾਂ ''ਕੌਮਾਂ'' ਹੈ। ਇਸਰਾਏਲੀ ਲੋਕ ਆਪਣੇ ਆਪ ਨੂੰ ਖ਼ੁਦਾ ਦੇ ਅਸਲ ਲੋਕ ਮੰਨਦੇ ਸਨ। ਸੰਸਾਰ ਦੇ ਬਾਕੀ ਲੋਕ ''ਕੌਮਾਂ'' ਸਨ ਜਿਨ੍ਹਾਂ ਨੂੰ ਪਰਾਈਆਂ ਕੌਮਾਂ ਕਿਹਾ ਜਾਂਦਾ ਸੀ ਭਾਵ ਜਿਹੜੇ ਖ਼ੁਦਾ ਦੇ ਲੋਕ (ਵੇਖੋ ਲੇਵੀਆਂ ਦੀ ਪੋਥੀ 26:45; ਹਿਜ਼ਕੀਏਲ 5:8) ਨਹੀਂ ਸਨ। ਜਿਸ ਭੇਤ ਦੀ ਇਸਰਾਏਲੀਆਂ ਨੂੰ ਸਮਝ ਨਹੀਂ ਆਈ ਉਹ ਇਹ ਸੀ ਕਿ ਪਰਾਈਆਂ ਕੌਮਾਂ ਨੇ ਖ਼ੁਦਾ ਦੇ ਲੋਕਾਂ ਦੇ ਰੂਪ ਵਿਚ ਇਕ ਦਿਨ ਮਿਲਾ ਲਏ ਜਾਣਾ ਸੀ। ਇਸਰਾਏਲੀਆਂ ਨੇ ਜੇ ਆਪਣੀਆਂ ਅੱਖਾਂ ਬੰਦ ਨਾ ਕੀਤੀਆਂ ਹੁੰਦੀਆਂ ਤਾਂ ਉਹ ਉਸ ਪਵਿੱਤਰ ਲਿਖਤ ਨੂੰ ਪੜ੍ਹ ਕੇ ਇਹ ਨਿਚੋੜ ਕੱਢ ਸਕਦੇ ਸਨ (ਵੇਖੋ 2 ਕੁਰਿੰਥੀਆਂ 3:14)। ਖ਼ੁਦਾ ਨੇ ਅਬਰਾਹਾਮ ਨੂੰ ਵਚਨ ਦਿੱਤਾ ਕਿ ਸਭ ਕੌਮਾਂ, ਨਾ ਕਿ ਸਿਰਫ਼ ਉਸ ਦੀ ਸੰਤਾਨ, ਉਸਦੀ ਅੰਸ ਦੇ ਰਾਹੀਂ ਬਰਕਤ ਪਾਉਣਗੀਆਂ (ਉਤਪਤ 12:3; 22:18)। ਇਸਰਾਏਲ ਕੌਮ ਦੇ ਰਾਹੀਂ ਖ਼ੁਦਾ ਨੇ ਲੋਕਾਂ ਵਿਚ ਵਡਿਆਈ ਪਾਉਣੀ ਸੀ (ਜ਼ਬੂਰ 18:49; 117:1)।

**ਧਨ ਦਾ ਪਰਤਾਪ** ਪੌਲੁਸ ਵੱਲੋਂ ਕਈ ਵਾਰ ਦੱਸੀ ਗਈ ਧਾਰਣਾ ਹੈ (ਵੇਖੋ ਰੋਮੀਆਂ 9:23; ਫ਼ਿਲਿੱਪੀਆਂ 4:19)। ਉਸ ਨੇ ਮਸੀਹੀ ਲੋਕਾਂ ਵਿਚ ਮਿਲਣ ਵਾਲੀਆਂ ਬਰਕਤਾਂ ਲਈ ''ਧਨ'' ਸ਼ਬਦ ਦੀ ਵਰਤੋਂ ਕੀਤੀ (ਰੋਮੀਆਂ 2:4; ਅਫ਼ਸੀਆਂ 1:7)।

### ''ਸੋ ਏਹ ਮਸੀਹ ਤੁਹਾਡੇ ਵਿਚ ਪਰਤਾਪ ਦੀ ਆਸ ਹੈ'' (1:27)

ਅਗਲਾ ਵਾਕ ਅੰਸ਼ ਇਸ ਭੇਤ ਦੀ ਮਹਿਮਾ ਦੀ ਹੋਂਦ ਦੀ ਗੱਲ ਕਰਦਾ ਹੈ ਜਿਸ ਦੀ ਚਰਚਾ ਪੌਲੁਸ ਕਰ ਰਿਹਾ ਸੀ: **ਸੋ ਏਹ ਮਸੀਹ ਤੁਹਾਡੇ ਵਿਚ ਪਰਤਾਪ ਦੀ ਆਸ ਹੈ**। ਕੁਲੁੱਸੀਆਂ ਦੀ ਮਹਿਮਾ ਦੀ ਆਸ ਮਸੀਹ ਦੇ ਉਨ੍ਹਾਂ ਵਿਚ ਹੋਣ ਤੇ ਨਿਰਭਰ ਸੀ। ਮਸੀਹ ਦੇ ਅੰਦਰ ਵਾਸ ਕਰਨ ਦੀ ਧਾਰਣਾ ਨਵੇਂ ਨੇਮ ਵਿਚ ਹੋਰ ਕਿਤੇ ਵੀ ਮਿਲਦੀ ਹੈ (ਯੂਹੰਨਾ 17:23; ਰੋਮੀਆਂ 8:10; 2 ਕੁਰਿੰਥੀਆਂ 13:5; ਗਲਾਤੀਆਂ 2:20; 4:19)। ਯਿਸੂ ਨੇ ਵਾਅਦਾ ਕੀਤਾ ਕਿ ਉਹ ਅਤੇ ਪਿਤਾ ਉਨ੍ਹਾਂ ਦੇ ਜਿਹੜੇ ਉਹ ਨੂੰ ਪ੍ਰੇਮ ਕਰਦੇ ਅਤੇ ਉਹ ਦੇ ਵਚਨ ਨੂੰ ਮੰਨਦੇ ਹਨ, ਉਨ੍ਹਾਂ ਨਾਲ ਵਾਸ ਕਰਨਗੇ (ਯੂਹੰਨਾ 14:23)। ਮਸੀਹ ਨਿਹਚਾ ਦੇ ਰਾਹੀਂ ਮਸੀਹੀ ਲੋਕਾਂ ਦੇ ਦਿਲਾਂ ਵਿਚ ਰਹਿੰਦਾ ਹੈ (ਅਫ਼ਸੀਆਂ 3:17)। ਪਵਿੱਤਰ ਆਤਮਾ ਮਸੀਹ ਦਾ ਆਤਮਾ ਹੈ ਜਿਹ ਦੇ ਰਾਹੀਂ ਯਿਸੂ ਕੰਮ ਕਰਦਾ ਹੈ (1 ਪਤਰਸ 1:11) ਅਤੇ ਜਿਹ ਦੇ ਰਾਹੀਂ ਉਹ ਮਸੀਹੀ ਲੋਕਾਂ ਅੰਦਰ ਵਾਸ ਵੀ ਕਰਦਾ ਹੈ (ਰੋਮੀਆਂ 8:9, 11; 1 ਕੁਰਿੰਥੀਆਂ 3:16; 6:19; ਅਫ਼ਸੀਆਂ 2:22; 2 ਤਿਮੋਥਿਉਸ 1:14)। ਆਤਮਾ ਗਵਾਹ ਦੇ ਰੂਪ ਵਿਚ ਅਰਥਾਤ ਸੁਰਗੀ ਮੀਰਾਸ ਦੇ ਭਰੋਸੇ ਦੇ ਰੂਪ ਵਿਚ ਦਿੱਤਾ ਜਾਂਦਾ ਹੈ (2 ਕੁਰਿੰਥੀਆਂ 1:21, 22; ਅਫ਼ਸੀਆਂ 1:13, 14)।

"ਤੁਸੀਂ" ਕਿ ਮਸੀਹ "ਵਿਚ" ਹੈ ਬਹੁਵਚਨ ਹੈ। ਯਿਸੂ ਜਮਾਤ ਦੇ ਰੂਪ ਵਿਚ ਆਪਣੇ ਲੋਕਾਂ ਵਿਚ ਹੈ ਅਤੇ ਨਿੱਜੀ ਤੌਰ ਤੇ ਉਨ੍ਹਾਂ ਵਿਚ ਹੈ। "ਪਰਤਾਪ" ਤੋਂ ਪੌਲੁਸ ਦੇ ਕਹਿਣ ਦਾ ਭਾਵ ਕੁਲੁੱਸੀਆਂ ਨੂੰ ਮਿਲਣ ਵਾਲਾ ਆਖਰੀ ਈਨਾਮ ਸੀ। ਮਸੀਹੀ ਲੋਕ ਸੁਰਗ ਵਿਚ ਰਹਿਣ ਦੀ ਰਾਹ ਤੱਕ ਸਕਦੇ ਹਨ (2 ਕੁਰਿੰਥੀਆਂ 5:1; 1 ਪਤਰਸ 1:3, 4)।

## ਉਨ੍ਹਾਂ ਲਈ ਉਸ ਦਾ ਟੀਚਾ: ਮਸੀਹ ਵਿਚ ਸੰਪੂਰਣਤਾ (1:28, 29)

**28ਜਿਹ ਦੀ ਅਸੀਂ ਖਬਰ ਦਿੰਦੇ ਹਾਂ ਅਤੇ ਹਰੇਕ ਮਨੁੱਖ ਨੂੰ ਚਿਤਾਰਦੇ ਅਤੇ ਹਰਕੇ ਮਨੁੱਖ ਨੂੰ ਪੂਰੇ ਗਿਆਨ ਨਾਲ ਉਪਦੇਸ਼ ਦਿੰਦੇ ਹਾਂ ਭਈ ਅਸੀਂ ਹਰੇਕ ਮਨੁੱਖ ਨੂੰ ਮਸੀਹ ਵਿਚ ਸਿੱਧ ਕਰ ਕੇ ਪੇਸ਼ ਕਰੀਏ। 29ਅਤੇ ਇਸੇ ਗੱਲੇ ਮੈਂ ਉਹ ਦੀ ਕਰਨੀ ਦੇ ਅਨੁਸਾਰ ਜੋ ਮੇਰੇ ਵਿਚ ਸਮਰੱਥਾ ਨਾਲ ਪੋਹੰਦਾ ਹੈ ਵੱਡੇ ਜਤਨ ਨਾਲ ਮਿਹਨਤ ਕਰਦਾ ਹਾਂ।**

**"ਜਿਹ ਦੀ ਅਸੀਂ ਖਬਰ ਦਿੰਦੇ ਹਾਂ" (1:28)**

ਪੌਲੁਸ ਆਪਣੀ ਅਤੇ ਤਿਮੋਥਿਉਸ ਦੀ ਗੱਲ ਕਰ ਰਿਹਾ ਸੀ ਜਾਂ ਉਹ ਸਮਾਨਤਾ **ਅਸੀਂ** ਦੀ ਵਰਤੋਂ ਕਰ ਰਿਹਾ ਸੀ। ਇਸ ਦਾ ਪੱਕਾ ਉੱਤਰ ਨਹੀਂ ਦਿੱਤਾ ਜਾ ਸਕਦਾ। ਉਹ ਦੇ ਕਹਿਣ ਦੇ ਢੰਗ ਦਾ ਅਰਥ ਉਹੀ ਹੋ ਸਕਦਾ ਹੈ ਜਿਹੜਾ ਕਿਸੇ ਲੇਖਕ ਦੇ ਇਕੱਲਾ ਹੋਣ ਤੇ ਇਹ ਲਿਖਣ ਦੇ ਵਕਤ ਹੁੰਦਾ ਹੈ, "ਸਾਨੂੰ ਅਜਿਹੀ ਸੋਚ ਤੇ ਇਤਰਾਜ਼ ਹੈ।" ਪੌਲੁਸ ਆਪਣੀ *ਅਤੇ* ਉਨ੍ਹਾਂ ਸਾਰਿਆਂ ਦੀ ਗੱਲ ਕਰ ਰਿਹਾ ਹੋ ਸਕਦਾ ਹੈ ਜਿਹੜੇ ਯਿਸੂ ਨੂੰ ਬੇਪਰਤੀਤੇ ਸੰਸਾਰ ਅੱਗੇ ਪੇਸ਼ ਕਰਦੇ ਹਨ। ਦੂਜੇ ਪਾਸੇ ਅਗਲੀ ਆਇਤ ਵਿਚ "ਮੈਂ" ਕਹਿਣਾ ਇਹ ਸੰਕੇਤ ਦੇ ਸਕਦਾ ਹੈ ਕਿ "ਅਸੀਂ" ਲਿਖਦਿਆਂ ਉਹ ਆਪਣੀ ਹੀ ਗੱਲ ਕਰ ਰਿਹਾ ਸੀ।

ਪੌਲੁਸ ਦੇ ਪ੍ਰਚਾਰ ਦਾ (1 ਕੁਰਿੰਥੀਆਂ 2:1, 2) ਅਤੇ ਦੂਜਿਆਂ ਦੇ ਪ੍ਰਚਾਰ ਦਾ ਧੁਰਾ ਯਿਸੂ ਸੀ (ਰਸੂਲਾਂ ਦੇ ਕੰਮ 8:5, 35)। ਮੁੱਢਲੇ ਸੰਦੇਸ਼ ਵਿਚ ਮਸੀਹ ਦੀ ਸਲੀਬ ਭਾਵੇਂ ਸੰਸਾਰ ਨੂੰ ਮੂਰਖਤਾ ਦੀ ਗੱਲ ਲਗ ਸਕਦੀ ਹੈ (1 ਕੁਰਿੰਥੀਆਂ 1:18), ਪਰ ਇਹ ਖ਼ੁਦਾ ਦੇ "ਗਿਆਨ" (*sophia*; 1 ਕੁਰਿੰਥੀਆਂ 1:24; ਕੁਲੁੱਸੀਆਂ 1:9 ਵੀ ਵੇਖੋ) ਦੀ ਲਿਖਤ ਤੇ ਅਧਾਰਿਤ ਹੈ।

1 ਥੱਸਲੁਨੀਕੀਆਂ 2:3–12 ਪੌਲੁਸ ਨੇ ਦੂਜਿਆਂ ਨੂੰ ਵਿਖਾਉਣ ਅਤੇ ਸਮਝਾਉਣ ਦਾ ਆਪਣਾ ਨਿੱਜੀ ਢੰਗ ਦੱਸਿਆ। ਉਹ ਗੰਭੀਰ ਸੀ ਅਤੇ ਭਰਮ, ਅਸ਼ੁੱਧਤਾ, ਕਪਟ, ਦੋਗਲਾਪਨ, ਲੋਭ, ਜਾਂ ਮਨੁੱਖਾਂ ਤੋਂ ਆਦਰ ਪਾਉਣ ਲਈ ਪ੍ਰਚਾਰ ਨਹੀਂ ਕਰਦਾ ਸੀ (ਆਇਤਾਂ 3–6)। ਖ਼ੁਦਾ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਦੇ ਹੋਏ ਉਹ ਦੁੱਧ ਪਿਆਉਣ ਵਾਲੀ ਮਾਂ ਵਾਂਗ ਹੀ ਨਰਮ ਅਤੇ ਭਾਈਆਂ ਨਾਲ ਪਿਆਰ ਰੱਖਣ ਵਾਲੇ ਪਿਤਾ ਵਾਂਗ ਜੋਸ਼ੀਲਾ ਸੀ ਕਿਉਂਕਿ ਉਹ ਉਸ ਨੂੰ ਪਿਆਰੇ ਸਨ (ਆਇਤਾਂ 7–11)। ਕਈ ਵਾਰ ਉਨ੍ਹਾਂ ਦੇ ਕਾਰਣ ਉਹ ਸੱਚੇ ਲਗਾਅ ਕਰਕੇ ਉਨ੍ਹਾਂ ਦੀ ਤਾੜਨਾ ਕਰਨ ਦੇ ਬਾਅਦ ਰੋ ਵੀ ਪੈਂਦਾ ਸੀ (ਰਸੂਲਾਂ ਦੇ ਕੰਮ 20:19, 31; 2 ਕੁਰਿੰਥੀਆਂ 2:4; ਫ਼ਿਲਿੱਪੀਆਂ 3:18)।

**"ਹਰੇਕ ਮਨੁੱਖ ਨੂੰ ਚਿਤਾਰਦੇ ਅਤੇ ਹਰਕੇ ਮਨੁੱਖ ਨੂੰ ਪੂਰੇ ਗਿਆਨ ਨਾਲ ਉਪਦੇਸ਼ ਦਿੰਦੇ ਹਾਂ" (1:28)**

**ਹਰੇਕ ਮਨੁੱਖ** ਲਿਖ ਕੇ ਪੌਲੁਸ ਨੇ ਇੰਜੀਲ ਦੇ ਸਰਵਵਿਆਪੀ ਹੋਣ ਦੀ ਤਸਦੀਕ ਕੀਤੀ। ਇਹ ਹਰ ਕਿਸੇ ਲਈ ਹੈ ਅਤੇ ਕੋਈ ਵੀ ਇਸ ਤੋਂ ਬਚਿਆ ਨਹੀਂ, ਭਾਵੇਂ ਸਾਰੇ ਇਸ ਨੂੰ ਨਹੀਂ ਮੰਨਦੇ (ਰੋਮੀਆਂ 10:16; 2 ਥੱਸਲੁਨੀਕੀਆਂ 1:8)। "ਮਨੁੱਖ" (*anthrōpos,* "ਮਨੁੱਖ ਜਾਤੀ") ਪੌਲੁਸ ਦੇ ਮਨ

ਵਿਚ ਦੋਵੇਂ ਹਨ। ਪੌਲੁਸ ਦੇ ਮਨ ਵਿਚ ਜੇ ਪੁਰਖ ਹੀ ਹੁੰਦੇ ਤਾਂ ਉਹ ***anēr*** ਦੀ ਵਰਤੋਂ ਕਰਦਾ ਜਿਸ ਦਾ ਅਰਥ ''ਨਰ'' ਹੈ ਜਿਵੇਂ ਉਸ ਨੇ 1 ਕੁਰਿੰਥੀਆਂ 11:7–9 ਵਿਚ ਕੀਤੀ। ਉਹ ਹਰ ਕਿਸੇ ਨੂੰ ਭਾਵੇਂ ਉਹ ਪੁਰਖ ਹੋਵੇ ਜਾਂ ਤੀਂਵੀਂ, ਸਾਰੇ ਗਿਆਨ ਨਾਲ ਸਿਖਾਉਂਦਾ ਹੈ।

ਪੌਲੁਸ ਨੇ ਹਰ ਮਨੁੱਖ ਦੇ ਮਸੀਹ ਲਈ ਪੂਰੀ ਤਰ੍ਹਾਂ ਨਾਲ ਵਧਣ ਦੀ ਲੋੜ ਨੂੰ ਸਮਝਿਆ। ਉਸ ਨੇ ਨਾ ਸਿਰਫ਼ ਨਿਹਚਾਵਾਨਾਂ ਦੀਆਂ ਲੋੜਾਂ ਦੀ ਬਲਕਿ ਬੇਪਰਤੀਤਿਆਂ ਦੀਆਂ ਲੋੜਾਂ ਦੀ ਵੀ ਗੱਲ ਕੀਤੀ। ਉਸ ਦੀ ਜਵਾਬਦੇਹੀ ਦੋਹਾਂ ਵਾਸਤੇ ਸੀ, ''ਮੈਂ ਯੂਨਾਨੀਆਂ ਅਤੇ ਓਪਰਿਆਂ ਦਾ, ਬੁੱਧਵਾਨਾਂ ਅਤੇ ਨਿਰਬੁੱਧਾਂ ਦਾ ਕਰਜ਼ਦਾਰ ਹਾਂ'' (ਰੋਮੀਆਂ 1:14)।

**ਚਿਤਾਰਦੇ** ਵਿਚ ਲੋਕਾਂ ਨੂੰ ਚਿਤਾਵਨੀ ਦੇ ਹਰਾਮਕਾਰੀ ਦੇ ਪ੍ਰਮਾਣਾਂ ਅਤੇ ਨਾਸਤਿਕ ਜੀਵਨ ਜੀਣ ਅਤੇ ਭਰਮਾਉਣ ਵਾਲੇ **ਉਪਦੇਸ਼** ਦਿੰਦੇ ਹੋਣ ਦੇ ਪ੍ਰਮਾਣਾਂ ਦੀ ਵੱਲ ਧਿਆਨ ਦੁਆਉਣ ਦਾ ਵਿਚਾਰ ਸ਼ਾਮਿਲ ਹੈ। ਇਸ ਵਿਚ ਉਪਦੇਸ਼ ਦੇਣ ਦੇ ਸਕਾਰਾਤਮਕ ਅਤੇ ਨਕਾਰਾਤਮਕ ਦੋਹਾਂ ਢੰਗਾਂ ਦੀ ਗੱਲ ਹੈ ਕਿਉਂਕਿ ਮਸੀਹੀ ਲੋਕਾਂ ਨੂੰ ਆਪਣੇ ਜੀਵਨ ਵਿਚ ਗਲਤ ਗੱਲਾਂ ਨੂੰ ਕੱਢਣ ਦੇ ਨਾਲ ਨਾਲ ਸਹੀ ਕਰਨਾ ਜ਼ਰੂਰੀ ਹੈ। ਜ਼ੋਰ ਭਾਂਵੇਂ ਧਰਮੀ ਜੀਵਨ ਤੇ ਦਿੱਤਾ ਗਿਆ ਹੈ ਪਰ ਬੁਰਿਆਈ ਤੋਂ ਬਚਣ ਦੇ ਮਹੱਤਵ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ।

ਯਿਸੂ ਨੂੰ ''ਨਾਂਹ'' ਕਹਿਣ ਦੀ ਕੋਈ ਜਲਦਬਾਜ਼ੀ ਨਹੀਂ ਸੀ। ਪਹਾੜੀ ਉਪਦੇਸ਼ ਵਿਚ ਉਸ ਨੇ ਆਪਣੇ ਸੁਣਨ ਵਾਲਿਆਂ ਨੂੰ ਦੱਸਿਆ ਕਿ ਉਹ ਕੀ ਕਰਨ। ਪਰ ਉਸ ਨੇ ਉਨ੍ਹਾਂ ਨੂੰ ਇਹ ਵੀ ਦੱਸਿਆ ਕਿ ਕੀ ਨਾ ਕਰਨ (ਮੱਤੀ 5:34; 6:2, 3, 5, 16, 19, 25, 31, 34; 7:1, 6)। ਮਸੀਹੀਅਤ ਸਭ ਤੋਂ ਸਕਾਰਾਤਮਕ ਹੈ ਪਰ ਇਸ ਵਿਚ ਮੂਰਖਤਾ ਭਰੇ ਅਤੇ ਬੁਰੇ ਕੰਮਾਂ ਵਿਚ ਲੱਗਣ ਦੀਆਂ ਚਿਤਾਵਨੀਆਂ ਵੀ ਹਨ।

ਯਿਸੂ ਦੀਆਂ ਸਿੱਖਿਆਵਾਂ ਖ਼ੁਦਾ ਦੇ **ਗਿਆਨ** ਤੇ ਅਧਾਰਿਤ ਹਨ। ਪੌਲੁਸ ਨੇ ਸੰਸਾਰ ਦੇ ਗਿਆਨ (1 ਕੁਰਿੰਥੀਆਂ 2:13) ਦੇ ਇਲਾਵਾ ਖ਼ੁਦਾ ਦਾ ਗਿਆਨ ਦੱਸਿਆ (1 ਕੁਰਿੰਥੀਆਂ 1:24, 30; 2:7) । ਉਸ ਨੇ ਭਾਸ਼ਣ ਦੀਆਂ ਤਕਨੀਕਾਂ ਅਤੇ ਮਨੁੱਖੀ ਗਿਆਨ ਦੇ ਵੱਲ ਧਿਆਨ ਦੁਆ ਕੇ ਮਨਾਉਣ ਦੀ ਕੋਸ਼ਿਸ਼ ਨਹੀਂ ਕੀਤੀ ਬਲਕਿ ਉਸ ਨੇ ਸਿਰਫ਼ ਖ਼ੁਦਾ ਦਾ ਸੰਦੇਸ਼ ਦਿੱਤਾ (1 ਕੁਰਿੰਥੀਆਂ 2:1–5)।

### **''ਭਈ ਅਸੀਂ ਹਰੇਕ ਮਨੁੱਖ ਨੂੰ ਮਸੀਹ ਵਿਚ ਸਿੱਧ ਕਰ ਕੇ ਪੇਸ਼ ਕਰੀਏ''** (1:28)

ਪੌਲੁਸ ਦੇ ਪ੍ਰਚਾਰ ਕਰਨ ਅਤੇ ਸਮਝਾਉਣ ਦਾ ਕਾਰਣ ਦਿੱਤਾ ਗਿਆ ਹੈ। ਫਿਰ ਤੋਂ ਪੌਲੁਸ ਨੇ ਉੱਤਮ ਪੁਰਖ ਬਹੁਵਚਨ (**ਅਸੀਂ**) ਦੀ ਵਰਤੋਂ ਸਿਰਫ਼ ਅਗਲੀ ਆਇਤ ਵਿਚ ਉੱਤਮ ਪੁਰਖ ਇਕ ਵਚਨ (''ਮੈਂ'') ਵਾਪਸ ਆਉਣ ਦੇ ਲਈ ਕੀਤਾ। ਜਤਾਉਣ ਅਤੇ ਸਿਖਾਉਣ ਦਾ ਪੌਲੁਸ ਦਾ ਪੂਰਾ ਅਤੇ ਸਿੱਧ ਮਸੀਹੀ ਬਣਾਉਣ ਲਈ ਜ਼ਰੂਰੀ ਸੀ। ਪ੍ਰਚਾਰ ਦੇ ਕੰਮ ਦਾ ਮਕਸਦ ਲੋਕਾਂ ਨੂੰ ਮਸੀਹ ਵਿਚ ਲਿਆਉਣਾ (ਰੋਮੀਆਂ 6:3; ਗਲਾਤੀਆਂ 3:27) ਅਤੇ ਉਨ੍ਹਾਂ ਨੂੰ ਉਸ ਵਿਚ ਪੂਰੀ ਤਰ੍ਹਾਂ ਨਾਲ ਵਧਣ ਲਈ ਸਮਝਾਉਣਾ ਹੁੰਦਾ ਹੈ। ਕਿਸੇ ਨੂੰ ਵੀ ਮਸੀਹ ਵਿਚ ਲਿਆਉਣਾ ਪ੍ਰਚਾਰਕ ਅਤੇ ਉਸਤਾਦ ਦੇ ਕੰਮ ਦੀ ਸਿਰਫ਼ ਸ਼ੁਰੂਆਤ ਹੈ। ਸਿੱਧਤਾ ਵਿਚ ਵਧਦੇ ਰਹਿਣਾ ਯਿਸੂ ਦੇ ਹਰ ਮੰਨਣ ਵਾਲੇ ਦਾ ਟੀਚਾ ਹੋਣਾ ਚਾਹੀਦਾ ਹੈ (ਅਫ਼ਸੀਆਂ 4:11–13; ਇਬਰਾਨੀਆਂ 6:1)।

ਪੌਲੁਸ ਨੇ ਇਹ ਨਹੀਂ ਕਿਹਾ ਕਿ ਉਹ ਕਦੋਂ ਅਤੇ ਕਿਸ ਨੂੰ ਮਸੀਹ ਵਿਚ **ਸਿੱਧ ਕਰ ਕੇ ਪੇਸ਼** ਕਰੇਗਾ। ਸ਼ਾਇਦ ਉਹ ਉਸ ਸਮੇਂ ਦੀ ਰਾਹ ਵੇਖ ਰਿਹਾ ਸੀ ਜਦ ਨਿਆਂ ਦੇ ਦਿਨ ਵਿਚ ਸਭ ਲੋਕ ਯਿਸੂ ਦੇ ਸਾਹਮਣੇ ਪੇਸ਼ ਹੋਣਗੇ। ਉਸ ਦੀ ਇੱਛਾ ਇਨ੍ਹਾਂ ਭਾਈਆਂ ਨੂੰ ਹਰ ਮਸੀਹੀ ਗੁਣ ਵਿਚ ਵਧਣ ਵਿਚ ਮਦਦ ਕਰਨ ਦੀ ਸੀ ਤਾਂ ਜੋ ਉਹ ਯਿਸੂ ਦੀ ਵਾਪਸੀ ਤੇ ਉਨ੍ਹਾਂ ਤੇ ਅਨੰਦ ਕਰ ਸਕਣ (1 ਥੱਸਲੁਨੀਕੀਆਂ 2:19, 20)। ਉਸ ਨੇ ਆਪਣੇ ਕੰਮ ਨੂੰ ਕਰਨਾ ਆਪਣਾ ਈਨਾਮ ਪਾਉਣ ਦੀ ਧਾਰ ਲਈ ਸੀ, ਭਾਵੇਂ

ਕਈਆਂ ਨੇ ਗੁਆਚੇ ਹੋਣਾ ਚੁਣਿਆ ਸੀ (1 ਕੁਰਿੰਥੀਆਂ 3:12–15) ਅਤੇ ਕੋਈ ਵੀ ਹਰ ਮਸੀਹੀ ਗੁਣ ਵਿਚ ਪੂਰੀ ਤਰ੍ਹਾਂ ਨਾਲ ਨਹੀਂ ਵਧ ਸਕਦਾ।

ਆਇਤ 28 ਵਿਚ ਯੂਨਾਨੀ ਸ਼ਬਦ ***teleios*** ਦੇ ਲਈ ਅਨੁਵਾਦ ''ਪੂਰੇ'' 4:12 ਵਿਚਲੇ ਅਨੁਵਾਦ ''ਸਿੱਧ'' (NASB; *teleioi,* ਉਸ ਦੇ ਮੂਲ ਸ਼ਬਦ ਵਿਚ) ਨਾਲੋਂ ਬੇਹਤਰ ਹੈ। ਮੱਤੀ 19:21 ਵਿਚ ਇਸ ਦਾ ਅਨੁਵਾਦ ''ਪੂਰਾ ਹੋਇਆ'' ਹੈ ਪਰ ਕਿਤੇ ਹੋਰ ''ਸਿੱਧ।'' ਹੋਰ ਆਇਤਾਂ ਵਿਚ ਇਸ ਦਾ ਅਨੁਵਾਦ ''ਸਿੱਧ'' ਹੋਇਆ ਹੈ; ਪਰ ''ਸਿੱਧ'' ਜਾਂ ''ਪੂਰਾ'' ਬੇਹਤਰ ਅਨੁਵਾਦ ਹੋਣਾ ਸੀ।[10] ''ਸਿੱਧ'' ਸ਼ਬਦ ਭਰਮ ਵਿਚ ਪਾਉਣ ਵਾਲਾ ਹੈ। ਮਨੁੱਖ ਜਾਤੀ ਨੂੰ ਖ਼ੁਦਾ ਦੀ ਸਿੱਧਤਾ ਨਹੀਂ ਮਿਲ ਸਕਦੀ (ਮੱਤੀ 5:48)। ਪੌਲੁਸ ਉਸ ਨਾਲੋਂ ਜੋ ਪੂਰਾ ਹੈ ਅਧੂਰੇ ਨੂੰ ਅੱਡ ਕਰ ਰਿਹਾ ਸੀ (1 ਕੁਰਿੰਥੀਆਂ 13:10)। ਉਹਦਾ ਇਹ ਮੰਨਣਾ ਨਹੀਂ ਸੀ ਕਿ ਕੋਈ ਮਸੀਹੀ ਸਿੱਧ ਹੈ (ਫ਼ਿਲਿੱਪੀਆਂ 3:15) ਨਾ ਹੀ ਉਹ ਕਿਸੇ ਦੇ ਵੀ ਸਿੱਧ ਹੋਣ ਦੀ ਉਮੀਦ ਰੱਖਦਾ ਸੀ (ਕੁਲੁੱਸੀਆਂ 4:12)। ਯਾਕੂਬ ਮਸੀਹੀ ਲੋਕਾਂ ਦੇ ਸਿੱਧ ਹੋਣ ਦੀ ਉਮੀਦ ਨਹੀਂ ਰੱਖਦਾ ਸੀ (ਯਾਕੂਬ 1:4; 3:2)। ਯਕੀਨਨ ਹੀ ਯੂਹੰਨਾ ਵੀ ਨਹੀਂ ਮੰਨਦਾ ਸੀ ਕਿ ਕਿਸੇ ਮਨੁੱਖੀ ਜੀਵ ਵਿਚ ਸਿੱਧ ਪ੍ਰੇਮ ਹੋ ਸਕਦਾ ਹੈ (1 ਯੂਹੰਨਾ 4:18)।

ਰੂਹਾਨੀ ਸੰਪੂਰਣਤਾ ਅਤੇ ਸਿੱਧਤਾ ਦਾ ਅਧਾਰ ਮਹਿਮਾ ਦੀ ਆਸ ਮਸੀਹ ਦਾ ਵਾਸ ਹੈ (ਆਇਤ 27)। ਰੂਹਾਨੀ ਤੌਰ ਤੇ ਵਧਣ ਕਰਕੇ ਜਿਹੜੇ ਮਸੀਹ ਵਿਚ ਹਨ ਮਨ ਵਿਚ ਯਕੀਨ ਹੋਣਾ ਜ਼ਰੂਰੀ ਹੈ ਜੋ ਭਗਤੀ ਭਰੇ ਜੀਵਨ ਵਿਚ ਵਿਖਦਾ ਹੈ। ਪੂਰੀ ਤਰ੍ਹਾਂ ਨਾਲ ਵਿਕਸਤ ਮਸੀਹੀ ਯਿਸੂ ਦੀ ਸਿੱਖਿਆ ਦੇ ਇਕ ਪਹਿਲੂ ਵਿਚ ਵਿਲੱਖਣਤਾ ਪਾਉਣ ਵਾਲੇ ਨਾਲੋਂ ਵਧਕੇ ਹੈ। ਭਾਵੇਂ ਉਹ ਹਰ ਗੁਣ ਵਿਚ ਪੂਰੀ ਤਰ੍ਹਾਂ ਨਾਲ ਕਦੀ ਪੂਰਾ ਨਹੀਂ ਹੋ ਸਕਦਾ ਪਰ ਉਹ ਰੂਹਾਨੀ, ਨੈਤਿਕ ਜਾਂ ਸਿੱਖਿਆ ਵਿਚ ਅਤੇ ਸਮਾਜਿਕ ਤੌਰ ਤੇ ਮਸੀਹੀ ਜੀਵਨ ਅਤੇ ਸੇਵਾ ਵਿਚ ਹਰ ਪਹਿਲੂ ਵਿਚ ਸਿੱਧ ਹੈ ਅਤੇ ਉਹ ਪੂਰੀ ਤਰ੍ਹਾਂ ਨਾਲ ਵਿਕਸਤ ਹੈ।

**''ਅਤੇ ਇਸੇ ਗੱਲੇ ਮੈਂ ਉਹ ਦੀ ਕਰਨੀ ਦੇ ਅਨੁਸਾਰ ਜੋ ਮੇਰੇ ਵਿਚ ਸਮਰੱਥਾ ਨਾਲ ਪੋਹੰਦਾ ਹੈ ਵੱਡੇ ਜਤਨ ਨਾਲ ਮਿਹਨਤ ਕਰਦਾ ਹਾਂ''** (1:29)

ਪੌਲੁਸ ਦੇ ਜਤਨਾਂ ਦਾ **ਇਸੇ ਗੱਲੇ** ਭਾਵ ਮਕਸਦ। ਉਹ ਲੋਕਾਂ ਨੂੰ ਬਦਲ ਕੇ ਉਨ੍ਹਾਂ ਨੂੰ ਮਸੀਹ ਵਰਗੇ ਬਣਾਉਣ ਲਈ ਸਮਰਪਿਤ ਸੀ ਤਾਂ ਜੋ ਉਹ ਅੱਗੇ ਤੋਂ ਕੱਚੇ ਮਸੀਹੀ ਨਾ ਰਹਿਣ (ਅਫ਼ਸੀਆਂ 4:13–15)।

**ਮਿਹਨਤ** ਤੋਂ ਪੌਲੁਸ ਦੇ ਕਹਿਣ ਦਾ ਭਾਵ ਇਹ ਔਖਾ ਕੰਮ ਸੀ ਜਿਹੜਾ ਯਿਸੂ ਦੇ ਲਈ ਉਸ ਦੀ ਸੇਵਾ ਵਿਚ ਕੀਤਾ ਜਾਣਾ ਸੀ। **ਕਰਦਾ ਹਾਂ** (*agōnizomenos*) ਵਿਚ ਤਕਲੀਫ਼ਦੇਹ ਦੁੱਖਦਾਈ ਕੋਸ਼ਿਸ਼ ਦਾ ਵਿਚਾਰ ਮਿਲਦਾ ਹੈ। ਪੌਲੁਸ ਰਾਹੀਂ ਇਸ ਦੀ ਵਰਤੋਂ ਸਚਮੁਚ ਦੀ ਲੜਾਈ (ਯੂਹੰਨਾ 18:36) ਅਤੇ ਪ੍ਰਤੀਕ ਦੇ ਰੂਪ ਵਿਚ ਦੌੜਾਕ ਦੇ ਮੁਕਾਬਲੇ (1 ਕੁਰਿੰਥੀਆਂ 9:25) ਅਤੇ ਮਸੀਹੀ ਜੀਵਨ (1 ਤਿਮੋਥਿਉਸ 6:12; 2 ਤਿਮੋਥਿਉਸ 4:7) ਦੇ ਸਬੰਧ ਵਿਚ ਕੀਤੀ ਗਈ।

ਇਸਦਾ ਹੋਰ ਮੂਲ ਅਨੁਵਾਦ ਇਸ ਤਰ੍ਹਾਂ ਹੋਵੇਗਾ, ''... ਉਸ ਦੀ ਊਰਜਾ ਦੇ ਅਨੁਸਾਰ ਕਰਦੇ ਹੋਏ ਜਿਹੜਾ ਮੈਨੂੰ ਸਮਰੱਥਾ ਦੇ ਅਨੁਸਾਰ ਊਰਜਾਵਾਨ ਕਰਦਾ ਹੈ।'' **ਸਮਰੱਥਾ** (*energeia,* ''ਊਰਜਾ'') ਨਾਉਂ ਅਤੇ **ਪੋਹੰਦਾ ਹੈ** *(energoumenēn,* ''ਊਰਜਾ ਦਿੰਦਾ'') ਕ੍ਰਿਦੰਤ ਜਾਣ ਬੁੱਝ ਕੇ ਸ਼ਬਦਾਂ ਦੀ ਖੇਡ ਹੋ ਸਕਦਾ ਹੈ। ਦੋ ਉਪਾਅ ਮਿਲ ਕੇ ਪੌਲੁਸ ਵਿਚ ਊਰਜਾ ਅਤੇ ਸ਼ਕਤੀ ਦੇ ਕੰਮ ਕਰਨ ਦੇ ਸਰੋਤ ਤੇ ਜ਼ੋਰ ਦਿੰਦੇ ਹਨ। ਜਿਹੜੀ ਸ਼ਕਤੀ ਪੌਲੁਸ ਵਿਚ ਕੰਮ ਕਰ ਰਹੀ ਸੀ ਉਹ ਯਿਸੂ ਵੱਲੋਂ ਸੀ, ਜੋ ਪਵਿੱਤਰ ਆਤਮਾ ਦੇ ਰਾਹੀਂ ਸਭ ਮਸੀਹੀ ਲੋਕਾਂ ਨੂੰ ਰੂਹਾਨੀ ਤੌਰ ਤੇ ਮਜ਼ਬੂਤ ਕਰਦੀ ਹੈ (ਅਫ਼ਸੀਆਂ 3:16)।

ਅਨੁਵਾਦ ਹੋਏ ਸ਼ਬਦ **ਸਮਰੱਥਾ ਨਾਲ** ਦਾ ਯੂਨਾਨੀ ਸ਼ਬਦ *dunamis* ਹੈ। ਬੇਸ਼ੱਕ ਪੌਲੁਸ ਨੂੰ

ਬਿਨਾਂ ਕਿਸੇ ਮਨੁੱਖ ਦੀ ਸਹਾਇਤਾ ਦੇ ਹੋਰ ਰਸੂਲਾਂ ਵਾਂਗ ਪਵਿੱਤਰ ਆਤਮਾ ਦਾ ਬਪਤਿਸਮਾ ਮਿਲਿਆ ਸੀ। ਇਸ ਨੇ ਉਹਨੂੰ ਮੋਅਜਜ਼ੇ ਕਰਨ ਦੇ ਸਮਰੱਥ ਬਣਾਇਆ ਸੀ (2 ਕੁਰਿੰਥੀਆਂ 12: 12)। ਪੌਲੁਸ ਨੂੰ ਉਹੀ ਸਮਰੱਥਾ ਮਿਲੀ ਸੀ ਜਿਹਦਾ ਵਾਅਦਾ ਯਿਸੂ ਨੇ ਰਸੂਲਾਂ ਦੇ ਕੰਮ 1:8 ਵਿਚ ਹੋਰਨਾਂ ਰਸੂਲਾਂ ਨਾਲ ਕੀਤੀ ਸੀ। ਇਸ ''ਸ਼ਕਤੀ'' ਨੂੰ ਸੰਭਵ ਤੌਰ ਤੇ ਐਨਾ ਸਰੀਰਕ ਨਹੀਂ ਸਮਝਿਆ ਜਾਣਾ ਚਾਹੀਦਾ ਕਿ ਇਹ ਰੂਹਾਨੀ ਲੱਗੇ। ਪੌਲੁਸ ਦੀ ਬਾਹਰੀ ਇਨਸਾਨੀਅਤ, ਅਰਥਾਤ ਉਸ ਦਾ ਸਰੀਰ ਕਮਜ਼ੋਰ ਹੋ ਰਿਹਾ ਸੀ ਪਰ ਉਸ ਦੀ ਅੰਦਰਲੀ ਸ਼ਕਤੀ ਦਿਨ–ਬ–ਦਿਨ ਨਵੀਂ ਹੁੰਦੀ ਜਾ ਰਹੀ ਸੀ (2 ਕੁਰਿੰਥੀਆਂ 4: 16)।

## ਪ੍ਰਸੰਗਿਕਤਾ

**ਤਿਆਰ ਸੇਵਕ**

ਪੌਲੁਸ ਨੇ ਸਾਡੇ ਲਈ ਇਕ ਵਧੀਆ ਨਮੂਨਾ ਬਣ ਕੇ ਸਮਰਪਣ ਵਿਖਾਇਆ ਜਿਸ ਨੇ ਉਸ ਨੂੰ ਮਸੀਹ ਦਾ ਇਕ ਵੱਡਾ ਸੇਵਕ ਬਣਾ ਦਿੱਤਾ। ਉਸ ਨੇ ਲਿਖਿਆ ਕਿ ਅਸੀਂ ਉਸ ਦੀ ਰੀਸ ਕਰੀਏ (1 ਕੁਰਿੰਥੀਆਂ 4: 16; ਫ਼ਿਲਿੱਪੀਆਂ 3: 17) ਜਿਵੇਂ ਉਹ ਮਸੀਹ ਵਰਗੀ ਚਾਲ ਚੱਲਦਾ ਹੈ (1 ਕੁਰਿੰਥੀਆਂ 11: 1)। ਉਸ ਨੇ ਫ਼ਿਲਿੱਪੀਆਂ ਨੂੰ ਸਮਝਾਇਆ ਕਿ ''ਜੋ ਕੁਝ ਤੁਸਾਂ ਸਿੱਖਿਆ ਅਤੇ ਮੰਨ ਲਿਆ ਅਤੇ ਸੁਣਿਆ ਅਤੇ ਮੇਰੇ ਵਿਚ ਡਿੱਠਾ ਓਹੀਓ ਕਰੋ ਤਾਂ ਸ਼ਾਂਤੀ ਦਾਤਾ ਪਰਮੇਸ਼ੁਰ ਤੁਹਾਡੇ ਅੰਗ ਸੰਗ ਹੋਵੇਗਾ'' (ਫ਼ਿਲਿੱਪੀਆਂ 4:9)। ਅਸੀਂ ਸੇਵਕ ਬਣਨ ਨੂੰ ਤਿਆਰ ਹੋ ਕੇ ਜਿਹੜੇ ਕਲੀਸੀਆ ਦੀ ਸੇਵਾ ਕਰਦੇ ਹਨ ਅਤੇ ਹਰ ਕਿਸੇ ਨੂੰ ਮਸੀਹ ਵਿਚ ਸਿੱਧ ਪੇਸ਼ ਕਰਨ ਲਈ ਕੰਮ ਕਰਦੇ ਹੋਏ ਪੌਲੁਸ ਵਰਗੀ ਚਾਲ ਚੱਲ ਸਕਦੇ ਹਾਂ।

*ਸਾਨੂੰ ਮਸੀਹ ਦੇ ਲਈ ਮੁਸ਼ਕਿਲਾਂ ਨੂੰ ਝੱਲਣ ਲਈ ਤਿਆਰ ਰਹਿਣ ਦੀ ਲੋੜ ਹੈ।* ਯਿਸੂ ਨੇ ਹਨਾਨਿਯਾਹ ਨੂੰ ਦਰਸ਼ਨ ਦਿੰਦਿਆਂ ਉਸ ਨੂੰ ਦੱਸਿਆ ਕਿ ਉਹ ਪੌਲੁਸ ਨੂੰ ਵਿਖਾਵੇਗਾ ਕਿ ਉਸ ਨੇ ਉਸ ਦੇ ਨਾਂਅ ਦੀ ਖ਼ਾਤਰ ਦੁੱਖ ਝੱਲਣੇ ਪੈਣਗੇ (ਰਸੂਲਾਂ ਦੇ ਕੰਮ 9: 16)। ਆਪਣੀ ਸੇਵਕਾਈ ਦੇ ਆਰੰਭ ਵਿਚ ਹੀ ਪੌਲੁਸ ਨੂੰ ਮਸੀਹ ਦੇ ਸੇਵਕ ਦੇ ਰੂਪ ਵਿਚ ਉਸ ਨੂੰ ਆਉਣ ਵਾਲੀਆਂ ਮੁਸ਼ਕਿਲਾਂ ਦਾ ਪਤਾ ਸੀ। ਇਸਦੇ ਇਲਾਵਾ ਉਹ ਰਸੂਲ ਹੋਣ ਲਈ ਬੁਲਾਏ ਜਾਣ ਦੇ ਬਾਅਦ ਯਿਸੂ ਦੇ ਹੁਕਮ ਮੰਨਦਾ ਰਿਹਾ (ਰਸੂਲਾਂ ਦੇ ਕੰਮ 26: 19; ਗਲਾਤੀਆਂ 1: 1)।

ਪੌਲਸ ਨੇ ਇੰਜੀਲ ਦੇ ਪ੍ਰਚਾਰ ਵਿਚ ਆਉਣ ਵਾਲੀਆਂ ਕੁਝ ਮੁਸ਼ਕਿਲਾਂ ਦਾ ਸੰਕੇਤ ਦਿੱਤਾ (2 ਕੁਰਿੰਥੀਆਂ 6: 4–10; 11:23–28)। ਮੁਸ਼ਕਿਲਾਂ ਦੇ ਇਸ ਵਕਤ ਵਿਚ ਉਸ ਨੂੰ ਕਈ ਅੰਦਰੂਨੀ ਸੰਘਰਸ਼ਾਂ ਦਾ ਸਾਹਮਣਾ ਕਰਨਾ ਪਿਆ, ਜਿਵੇਂ ਨਿਰਾਸ਼ਾ, ਸੋਗ, ਅਤੇ ਸਾਰੀਆਂ ਕਲੀਸੀਆਵਾਂ ਦੀ ਚਿੰਤਾ। ਉਸ ਨੇ ਕੁਰਿੰਥੁਸ ਦੇ ਮਸੀਹੀ ਲੋਕਾਂ ਦੇ ਨਾਂਅ ਲਿਖਦਿਆਂ ਉਸ ਦੇ ਨਾਲ ਰਹਿਣ ਦੌਰਾਨ ਉਸ ਤਣਾਅ ਨੂੰ ਵਿਖਾਇਆ ਜਿਹੜਾ ਉਸ ਨੂੰ ਉਹਦੇ ਨਾਲ ''ਦੁਰਬਲਤਾਈ ਅਤੇ ਭੈ ਅਤੇ ਵੱਡੇ ਕਾਂਬੇ ਨਾਲ'' ਉਹਨੂੰ ਹੋਇਆ ਸੀ (1 ਕੁਰਿੰਥੀਆਂ 2:3)। ਪੌਲੁਸ ਦੀ ਚਿੰਤਾ ਨੂੰ ਸਮਝਦੇ ਹੋਏ ਮਸੀਹ ਨੇ ਉਸ ਨੂੰ ਕੁਰਿੰਥੁਸ ਵਿਚ ਰਹਿਣ ਦੌਰਾਨ ਭੈਭੀਤ ਨਾ ਹੋਣ ਲਈ ਦਲੇਰ ਕਰਨ ਵਾਸਤੇ ਦਰਸ਼ਣ ਦਿੱਤਾ ਸੀ (ਰਸੂਲਾਂ ਦੇ ਕੰਮ 18:9, 10)। ਉਹਨੇ ਰਾਤ ਦਿਨ ਮਿਹਨਤ ਕੀਤੀ (1 ਥੱਸਲੁਨੀਕੀਆਂ 2:9) ਤਾਂ ਜੋ ਉਹ ਪ੍ਰਭੂ ਦੀ ਸੇਵਾ ਕਰ ਕੇ ਦੂਜਿਆਂ ਦੇ ਉੱਤੇ ਭਾਰ ਨਾ ਬਣੇ। ਜੇ ਅਸੀਂ ਪੌਲੁਸ ਦੇ ਨਮੂਨੇ ਨੂੰ ਮੰਨਦੇ ਹਾਂ ਤਾਂ ਅਸੀਂ ''ਇਸਥਿਰ ਅਤੇ ਅਡੋਲ ਹੋਕੇ ਪ੍ਰਭੂ ਦੇ ਕੰਮ ਵਿਚ ਸਦਾ ਵਧਦੇ'' ਜਾਵਾਂਗੇ (1 ਕੁਰਿੰਥੀਆਂ 15:58)।

ਮਸੀਹ ਦੇ ਪ੍ਰੇਮ ਅਤੇ ਕੁਰਬਾਨੀ ਨੇ ਪੌਲੁਸ ਨੂੰ ਉਹਦੇ ਲਈ ਜੀਣ ਲਈ ਪ੍ਰੇਰਣਾ ਦਿੱਤੀ (ਗਲਾਤੀਆਂ 2:20)। ਪ੍ਰੇਮ ਦੇ ਕਾਰਣ ਮਜਬੂਰ ਹੋ ਕੇ ਉਹਨੇ ਜਿੱਥੇ ਵੀ ਹੋ ਸਕਿਆ, ਜਿਸ ਨੂੰ ਵੀ ਹੋ ਸਕੇ ਇੰਜੀਲ ਸੁਣਾਉਣ ਦੇ ਆਪਣੇ ਫ਼ਰਜ਼ ਨੂੰ ਮਹਿਸੂਸ ਕੀਤਾ। ਉਸ ਨੇ ਲਿਖਿਆ, ''ਮੈਂ ਯੂਨਾਨੀਆਂ ਅਤੇ ਓਪਰਿਆਂ

ਦਾ, ਬੁੱਧਵਾਨਾਂ ਅਤੇ ਨਿਰਬੁੱਧਾਂ ਦਾ ਕਰਜ਼ਦਾਰ ਹਾਂ'' (ਰੋਮੀਆਂ 1:14, 15)।

ਫ਼ਰਜ਼ ਅਤੇ ਡਿਊਟੀ ਮਸੀਹੀ ਲੋਕਾਂ ਲਈ ਨਕਾਰਾਤਮਕ ਸ਼ਬਦ ਨਹੀਂ ਹਨ। ਯਿਸੂ ਨੇ ਲੋਕਾਂ ਲਈ ਖ਼ੁਦਾ ਦੀ ਇੱਛਾ ਨੂੰ ਪੂਰਾ ਕਰਨ ਦਾ ਫ਼ਰਜ਼ ਸਮਝਿਆ, ਕਿਉਂਕਿ ਉਹ ਆਪਣੀ ਨਹੀਂ ਬਲਕਿ ਪਿਤਾ ਦੀ ਇੱਛਾ ਨੂੰ ਪੂਰੀ ਕਰਨ ਦੇ ਲਈ ਆਇਆ (ਯੂਹੰਨਾ 4:34; 5:30; 6:38)। ਪੌਲੁਸ ਮੰਨਦਾ ਸੀ ਕਿ ਉਸ ਉੱਤੇ ਮਸੀਹ ਦੀ ਸੇਵਾ ਕਰਨ ਦਾ ਫ਼ਰਜ਼ ਹੈ (ਰੋਮੀਆਂ 1:14; 1 ਕੁਰਿੰਥੀਆਂ 9:16)। ਯਿਸੂ ਨੇ ਇਕ ਸੇਵਕ ਦੀ ਗੱਲ ਦੱਸੀ ਜਿਹੜਾ ਖੇਤਾਂ ਵਿਚ ਕੰਮ ਕਰਦਾ ਸੀ ਅਤੇ ਘਰ ਵਿਚ ਆਪਣੇ ਸੁਆਮੀ ਦੇ ਆਉਣ ਤੇ ਵੀ ਉਸ ਨੂੰ ਉਸ ਦੀ ਰਾਹ ਵੇਖਣੀ ਜ਼ਰੂਰੀ ਸੀ। ਇਸ ਵਿਰਤਾਂਤ ਤੋਂ ਯਿਸੂ ਨੇ ਇਹ ਨਿਚੋੜ ਕੱਢਿਆ: ''ਇਸ ਤਰਾਂ ਤੁਸੀਂ ਵੀ ਜਾਂ ਓਹ ਸਾਰੇ ਕੰਮ ਜਿਨ੍ਹਾਂ ਦਾ ਤੁਹਾਨੂੰ ਹੁਕਮ ਦਿੱਤਾ ਗਿਆ ਪੂਰੇ ਕਰ ਚੁੱਕੋ ਤਾਂ ਕਹੋ ਭਈ ਅਸੀਂ ਨਿਕੰਮੇ ਦਾਸ ਹਾਂ, ਜੋ ਕੁਝ ਸਾਨੂੰ ਕਰਨਾ ਬਣਦਾ ਸੀ ਅਸਾਂ ਉਹੀ ਕੀਤਾ ਹੈ'' (ਲੂਕਾ 17:10; NKJV ਵਿਚ ''ਜਿਹੜੀ ਸਾਡੀ ਡਿਊਟੀ ਸੀ'')। ਸਾਨੂੰ ਮਸੀਹ ਦੀ ਸੇਵਾ ਨੂੰ ਗੰਭੀਰਤਾ ਨਾਲ ਲੈਣਾ ਅਤੇ ਗੱਲਾਂ ਦੇ ਲਈ ਜ਼ਿੰਮੇਵਾਰ ਹੋਣ ਦੀ ਲੋੜ ਹੈ ਜੋ ਯਿਸੂ ਸਾਥੋਂ ਕਰਵਾਉਣਾ ਚਾਹੁੰਦਾ ਹੈ।

*ਸਾਨੂੰ ਆਪਣੇ ਆਪ ਨੂੰ ਕਲੀਸੀਆ ਦੀ ਸੇਵਾ ਵਿਚ ਦੇਣਾ ਚਾਹੀਦਾ ਹੈ।* ਮਸੀਹੀ ਜ਼ਿੰਦਗੀ ਦਾ ਇਕ ਅਹਿਮ ਭਾਗ ਇਕ ਦੂਜੇ ਦੀ ਸੇਵਾ ਕਰਨਾ ਹੈ (ਗਲਾਤੀਆਂ 5:13; 1 ਪਤਰਸ 4:10)। ਪੌਲੁਸ ਨੇ ਆਪਣੇ ਸਾਥੀ ਮਸੀਹੀ ਲੋਕਾਂ ਲਈ ਅਨੰਦ ਅਤੇ ਇੱਛਾ ਦੇ ਨਾਲ ਆਪਣੇ ਆਪ ਨੂੰ ਦੇ ਦਿੱਤਾ। ''ਪਰ ਭਾਵੇਂ ਮੈਂ ਤੁਹਾਡੀ ਨਿਹਚਾ ਦੇ ਬਲੀਦਾਨ ਅਤੇ ਸੇਵਕਾਈ ਉੱਤੇ ਵਹਾਇਆ ਜਾਂਦਾ ਹਾਂ ਤਾਂ ਵੀ ਮੈਂ ਅਨੰਦ ਕਰਦਾ ਹਾਂ ਅਤੇ ਤੁਹਾਨੂੰ ਸਭਨਾਂ ਨੂੰ ਵਧਾਈਆਂ ਦਿੰਦਾ ਹਾਂ'' (ਫ਼ਿਲਿੱਪੀਆਂ 2:17)। ਇਸ ਤਰ੍ਹਾਂ ਉਸ ਨੇ ਕਲੀਸੀਆ ਦੀ ਖ਼ਾਤਿਰ ਯਿਸੂ ਦੇ ਦੁੱਖ ਝੱਲਣ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ (ਆਇਤ 24)।

ਸਾਨੂੰ ਹੇਠ ਲਿਖੇ ਕੰਮ ਕਰਨ ਦੀ ਹਦਾਇਤ ਕੀਤੀ ਗਈ ਹੈ:

- ਆਦਰ ਵਿਚ ਇਕ ਦੂਏ ਨੂੰ ਚੰਗਾ ਸਮਝੋ (ਰੋਮੀਆਂ 12:10)।
- ਇਕ ਦੂਜੇ ਦੀ ਬਰਾਬਰ ਚਿੰਤਾ ਕਰੋ (1 ਕੁਰਿੰਥੀਆਂ 12:25)।
- ਇਕ ਦੂਏ ਨੂੰ ਉਪਦੇਸ਼ ਦਿਆ ਕਰੋ (ਕੁਲੁੱਸੀਆਂ 3:16)।
- ਇਕ ਦੂਏ ਨੂੰ ਤਸੱਲੀ ਦਿਓ (1 ਥੱਸਲੁਨੀਕੀਆਂ 4:18)।
- ਇਕ ਦੂਏ ਦੀ ਉੱਨਤੀ ਕਰੋ (1 ਥੱਸਲੁਨੀਕੀਆਂ 5:11)।
- ਇਕ ਦੂਏ ਨਾਲ ਪ੍ਰੇਮ ਕਰੋ (1 ਥੱਸਲੁਨੀਕੀਆਂ 5:13)।
- ਇਕ ਦੂਏ ਨੂੰ ਉਪਦੇਸ਼ ਕਰਿਆ ਕਰੋ (ਇਬਰਾਨੀਆਂ 3:13)।
- ਇਕ ਦੂਏ ਦਾ ਧਿਆਨ ਰੱਖੋ (ਇਬਰਾਨੀਆਂ 10:24)।
- ਇਕ ਦੂਏ ਲਈ ਪ੍ਰਾਰਥਨਾਂ ਕਰੋ (ਯਾਕੂਬ 5:16)।
- ਆਪਣੇ ਭਰਾਵਾਂ ਲਈ ਆਪਣੀਆਂ ਜਾਨਾਂ ਦੇ ਦਈਏ (1 ਯੂਹੰਨਾ 3:16)।
- ਇਕ ਦੂਏ ਨਾਲ ਪ੍ਰੇਮ ਰੱਖੋ (1 ਯੂਹੰਨਾ 4:7)।

ਮਸੀਹੀ ਲੋਕਾਂ ਦੀ ਦੂਜੇ ਮਸੀਹੀ ਲੋਕਾਂ ਦੇ ਪ੍ਰਤੀ ਜ਼ਿੰਮੇਵਾਰੀ ਹੈ। ਸਵਾਲ ਇਹ ਨਹੀਂ ਹੋਣਾ ਚਾਹੀਦਾ ਕਿ ''ਕਲੀਸੀਆ ਮੇਰੇ ਲਈ ਕੀ ਕਰ ਸਕਦੀ ਹੈ?'' ਬਹੁਤੇ ਮਸੀਹੀ ਲੋਕਾਂ ਦਾ ਸੁਭਾਅ ਇਹੀ ਹੈ। ਸਵਾਲ ਇਹ ਹੋਣਾ ਚਾਹੀਦਾ ਹੈ ਕਿ ''ਮੈਂ ਦੂਜਿਆਂ ਲਈ ਕੀ ਕਰ ਸਕਦਾ ਹਾਂ?'' ਯਿਸੂ ਦਾ ਇਹੀ ਸੁਭਾਅ ਸੀ। ''ਸਾਡੇ ਵਿੱਚੋਂ ਹਰੇਕ ਆਪਣੇ ਗੁਆਂਢੀ ਨੂੰ ਉਹ ਦੀ ਭਲਿਆਂਈ ਲਈ ਰਿਝਾਏ ਭਈ ਉਹਦੀ ਤਰੱਕੀ ਹੋਵੇ। ਕਿਉਂ ਜੋ ਮਸੀਹ ਨੇ ਵੀ ਆਪਣੇ ਆਪ ਨੂੰ ਨਹੀਂ ਰਿਝਾਇਆ ਪਰ ਜਿਵੇਂ ਲਿਖਿਆ

ਹੋਇਆ ਹੈ ਕਿ ਤੇਰੇ ਨਿੰਦਕਾਂ ਦੀਆਂ ਨਿੰਦਿਆਂ ਮੇਰੇ ਉੱਤੇ ਆ ਪਈਆਂ'' (ਰੋਮੀਆਂ 15:2, 3)।

ਯਿਸੂ ਨੇ ਵਿਖਾਇਆ ਕਿ ਉਸਦੇ ਚੇਲਿਆਂ ਵਿੱਚੋਂ ਸਭ ਤੋਂ ਵੱਡਾ ਉਹ ਹੈ ਜਿਹੜਾ ਦੂਜਿਆਂ ਦੀ ਸੇਵਾ ਕਰਦਾ ਹੈ (ਮੱਤੀ 20:26; 23:11)। ਸਭ ਮਸੀਹੀ ਲੋਕਾਂ ਲਈ ਆਪਣੇ ਆਪ ਨੂੰ ਦੀਨ ਬਣਾਉਣਾ ਜ਼ਰੂਰੀ ਸੀ ਜਿਵੇਂ ਮਸੀਹ ਨੇ ਬਣਾਇਆ, ਤਾਂ ਜੋ ਉਹ ਦੂਜਿਆਂ ਦੀ ਸੇਵਾ ਕਰ ਸਕਣ (ਫ਼ਿਲਿੱਪੀਆਂ 2:6–8)। ਯਿਸੂ ਦਾ ਧਰਮ ਸੇਵਾ ਦਾ ਧਰਮ ਹੈ।

*ਅਸੀਂ ਆਪਣੇ ਹਰ ਜਾਣਨ ਵਾਲੇ ਨੂੰ ਮਸੀਹ ਵਿਚ ਸੰਪੂਰਣ ਕਰਨ ਲਈ ਮਿਹਨਤ ਕਰਦੇ ਹਾਂ।* ਸਾਡੇ ਵਿਚ ਹਰ ਕਿਸੇ ਵਿਚ ਚੰਗੇ ਗੁਣ ਹਨ ਪਰ ਸਾਡੇ ਅੰਦਰ ਕਮਜ਼ੋਰੀਆਂ ਵੀ ਹਨ। ਚੰਗਾ ਰਾਹ ਯਿਸੂ ਲਈ ਸੰਪੂਰਣ ਜੀਵਨਾਂ ਨੂੰ ਤਿਆਰ ਕਰਨਾ ਹੈ।

ਮਸੀਹੀ ਲੋਕਾਂ ਦੇ ਰੂਪ ਵਿਚ ਸਾਨੂੰ ''ਹਰੇਕ ਭਾਰ ਅਤੇ ਉਸ ਪਾਪ ਨੂੰ ਜਿਹੜਾ ਸਹਿਜ ਨਾਲ ਸਾਨੂੰ ਫਸਾ ਲੈਂਦਾ ਹੈ ਪਰੇ ਸੁੱਟ'' ਕੇ ਹੱਲਾਸ਼ੇਰੀ ਦਿੱਤੀ ਜਾਂਦੀ ਹੈ (ਇਬਰਾਨੀਆਂ 12:1)। ਸਾਨੂੰ ਛੋਟੇ ਬੱਚੇ ਨਹੀਂ ਬਣੇ ਰਹਿਣਾ ਚਾਹੀਦਾ ਬਲਕਿ ਬੁਨਿਆਦੀ ਨਿਯਮਾਂ ਤੋਂ ਅੱਗੇ ਮਸੀਹ ਵਿਚ ਵਧਣ ਦੀ ਚਾਹ ਰੱਖਣਾ ਜ਼ਰੂਰੀ ਹੈ (ਇਬਰਾਨੀਆਂ 5:12–6:1)।

ਕੁਲੁੱਸੀਆਂ 1:28 ਵਿਚ ''ਸਿੱਧ'' ਲਈ ***teleios*** ਉਹੀ ਯੂਨਾਨੀ ਸ਼ਬਦ ਹੈ ਜਿਸ ਦਾ ਅਨੁਵਾਦ ਅਫ਼ਸੀਆਂ 4:13 ਵਿਚ ''ਮਰਦਊਪੁਣੇ'' ਹੋਇਆ ਹੈ। ਇਸ ਸ਼ਬਦ ਦਾ ਅਨੁਵਾਦ ''ਸੰਪੂਰਣ'' ਵੀ ਹੋਇਆ ਹੈ (**KJV: NKJV**)। ਪੌਲੁਸ ਸਭ ਲੋਕਾਂ ਲਈ ਸੰਪੂਰਣਤਾ ਦਾ ਚਾਹਵਾਨ ਸੀ ਭਾਵ ਇਹ ਕਿ ਉਹ ਯਿਸੂ ਦੇ ਸੁਭਾਅ ਵਿਚ ਵਧਣ (ਅਫ਼ਸੀਆਂ 4:13)। ਸਾਨੂੰ ਆਪਣੀਆਂ ਜ਼ਿੰਦਗੀਆਂ ਵਿਚ ਸਭ ਮਸੀਹੀ ਗੁਣਾਂ ਨੂੰ ਵਧਾ ਕੇ ਇਕ ਦੂਜੇ ਨੂੰ ਯਿਸੂ ਵਾਸਤੇ ਜੀਣਾ ਸਿੱਖਣ ਵਿਚ ਮਦਦ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ (ਗਲਾਤੀਆਂ 5:22, 23; 2 ਪਤਰਸ 1:5–7)। ਇਸ ਤਰ੍ਹਾਂ ਨਾਲ ਅਸੀਂ ਮਸੀਹ ਵਿਚ ਸਿੱਧ ਭਾਵ ਸੰਪੂਰਣ ਹੋ ਸਕਦੇ ਹਾਂ।

ਸਾਨੂੰ ਇਕ ਦੂਜੇ ਨੂੰ ਮਸੀਹ ਲਈ ਹੋਰ ਸਮਰਪਿਤ ਹੋਣ ਅਤੇ ਆਪਣੀਆਂ ਜ਼ਿੰਦਗੀਆਂ ਵਿਚ ਮਸੀਹ ਦੇ ਗੁਣਾਂ ਨੂੰ ਵਧਾਉਣ ਲਈ ਹੌਂਸਲਾ ਅਫ਼ਜ਼ਾਈ ਕਰਨੀ ਚਾਹੀਦੀ ਹੈ। ਇਸ ਦੇ ਲਈ ਪਾਪ ਨਾਲ ਭਰਿਆ ਜੀਵਨ ਇਕ ਦੂਜੇ ਨੂੰ ਝਿੜਕਣ ਦੇ ਨਾਲ–ਨਾਲ ਯਿਸੂ ਲਈ ਆਪਣੀਆਂ ਬੇਹਤਰੀਨ ਸੇਵਾਵਾਂ ਦੇਣ ਲਈ ਇਕ ਦੂਜੇ ਨੂੰ ਦਲੇਰ ਕਰਨਾ ਹੋ ਸਕਦਾ ਹੈ।

**ਦੁੱਖ ਝੱਲਣ ਦੇ ਬਾਵਜੂਦ ਸੇਵਾ ਕਰਨਾ (1:24-26)**

ਯਿਸੂ ਅਤੇ ਉਸ ਦੀ ਕਲੀਸੀਆ ਪੌਲੁਸ ਦੇ ਮਨ ਵਿਚ ਸਭ ਤੋਂ ਪਹਿਲਾਂ ਸਨ ਅਤੇ ਉਹ ਦੋਹਾਂ ਦੇ ਲਈ ਆਪਣੇ ਆਪ ਨੂੰ ਆਪਣੀ ਮਰਜ਼ੀ ਨਾਲ ਦੇਣ ਨੂੰ ਤਿਆਰ ਸੀ। ਉਹ ਯਿਸੂ ਦੀ ਸੇਵਾ ਕਰਨਾ ਚਾਹੁੰਦਾ ਸੀ ਭਾਵੇਂ ਇਸਦਾ ਅਰਥ ਉਸ ਦਾ ਆਪਣਾ ਬਲੀਦਾਨ ਦੇਣਾ ਸੀ। ਪੌਲੁਸ ਮਸੀਹੀ ਲੋਕਾਂ ਲਈ ਇਕ ਨਮੂਨਾ ਹੈ (1 ਕੁਰਿੰਥੀਆਂ 11:1)। ਉਹਦੇ ਜੀਵਨ ਅਤੇ ਗੱਲਾਂ ਨਾਲ ਅਸੀਂ ਕੀ ਸਿੱਖ ਸਕਦੇ ਹਾਂ?

ਪੌਲੁਸ ਨੇ ਮਸੀਹ ਦੇ ਦੁੱਖ ਨੂੰ ਹੰਢਾਇਆ (ਆਇਤ 24)। ਯਿਸੂ ਨੇ ਮਸੀਹੀ ਲੋਕਾਂ ਨੂੰ ਦੁੱਖ ਤੋਂ ਛੁੱਟਣ ਦਾ ਵਾਅਦਾ ਨਹੀਂ ਦਿੱਤਾ। ਇਸ ਤੋਂ ਛੁੱਟ ਉਹਦੇ ਲਈ ਜੀਣ ਵਾਲਿਆਂ ਨੂੰ ਦੁੱਖਾਂ ਨੂੰ ਝੱਲਣ ਲਈ ਕਿਹਾ ਗਿਆ ਹੈ (2 ਤਿਮੋਥਿਉਸ 3:12)। ਇਸ ਕਰਕੇ ਸਾਨੂੰ ਆਪਣੇ ਵਿਰੁੱਧ ਉੱਠਣ ਵਾਲੇ ਵਿਰੋਧ ਦੀ ਉਮੀਦ ਰੱਖਣੀ ਚਾਹੀਦੀ (1 ਪਤਰਸ 4:12)। ਅਜਿਹੇ ਮਾਮਲਿਆਂ ਵਿਚ ਉਨ੍ਹਾਂ ਲਈ ਜਿਹੜੇ ਸਾਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ ਸਰਾਪ ਨਹੀਂ ਬਲਕਿ ਬਰਕਤ ਦਿਓ ਅਤੇ ਦੁਆ ਕਰੋ (ਮੱਤੀ 5:44; ਰੋਮੀਆਂ 12:14)। ਯਿਸੂ ਧੀਰਜ ਨਾਲ ਦੁੱਖ ਝੱਲਣ ਦਾ ਸਾਡਾ ਨਮੂਨਾ ਹੈ (1 ਪਤਰਸ 2:21)।

ਮਸੀਹ ਵਾਂਗ ਪੌਲੁਸ ਨੇ ਕਲੀਸੀਆ ਅਰਥਾਤ ਦੇਹ ਦੇ ਲਈ ਆਪਣੀ ਇੱਛਾ ਅਨੁਸਾਰ ਦੁੱਖ

ਝੱਲਿਆ (ਆਇਤ 24)। ਮਸੀਹੀ ਹੋਣ ਦੇ ਨਾਤੇ ਸਾਡੇ ਮਨ ਵਿਚ ਕਲੀਸੀਆ ਨੂੰ ਸਭ ਤੋਂ ਉੱਚਾ ਥਾਂ ਮਿਲਣਾ ਚਾਹੀਦਾ ਹੈ। ਇਸ ਵਿਚ ਦੁਆਵਾਂ ਕਰਨਾ, ਸਿਖਾਉਣ ਲਈ ਯਤਨ, ਧਨ ਦੀ ਵਰਤੋਂ ਅਤੇ ਜੀਣ ਦੇ ਢੰਗ ਸ਼ਾਮਿਲ ਹਨ। ਕਦੀ ਵੀ ਮਸੀਹੀ ਆਦਮੀ ਦਾ ਜੀਵਨ ਅਜਿਹਾ ਨਹੀਂ ਹੋਣਾ ਚਾਹੀਦਾ ਜਿਸ ਨਾਲ ਕਲੀਸੀਆ ਦੀ ਬਦਨਾਮੀ ਹੋਵੇ। ਸਾਨੂੰ ਕਲੀਸੀਆ ਲਈ ਆਪਣੇ ਆਪ ਨੂੰ ਦੇਣ ਲਈ ਤਿਆਰ ਰਹਿਣਾ ਚਾਹੀਦਾ ਹੈ ਜਿਵੇਂ ਮਸੀਹ ਨੇ ਆਪਣੇ ਆਪ ਨੂੰ ਇਸਦੇ ਲਈ ਦੇ ਦਿੱਤਾ (ਅਫ਼ਸੀਆਂ 5:25; 1 ਯੂਹੰਨਾ 3:16)।

ਪੌਲੁਸ ਨੇ ਆਪਣੇ ਦੁੱਖ ਝੱਲਣ ਨੂੰ ਭੰਡਾਰੀਪਣ ਜਾਂ ਮੁਖ਼ਤਿਆਰਪੁਣੇ ਦੀ ਇਕ ਕਿਸਮ ਦੇ ਰੂਪ ਵਿਚ ਵੇਖਿਆ (ਆਇਤ 25)। ਉਹ ਨੇ ਇਸ ਗੱਲ ਨੂੰ ਸਮਝਿਆ ਕਿ ਉਹ ਯਿਸੂ ਲਈ ਕੰਮ ਕਰ ਰਿਹਾ ਹੈ। ਉਹ ਸਿਰਫ਼ ਆਪਣੇ ਵਕਤ, ਧਨ ਅਤੇ ਗੁਣਾਂ ਦਾ ਭੰਡਾਰੀ ਜਾਂ ਮੁਖ਼ਤਿਆਰ ਸੀ। ਮਸੀਹੀ ਲੋਕ ਇਸੇ ਤਰ੍ਹਾਂ ਸੋਚਣਾ ਸਿੱਖ ਸਕਦੇ ਹਨ। ਸਾਡੇ ਘਰ, ਬੈਂਕ ਖਾਤੇ ਅਤੇ ਜਾਇਦਾਦ ਯਿਸੂ ਦੀਆਂ ਹਨ। ਜੋ ਕੁਝ ਵੀ ਅਸੀਂ ਹਾਂ ਅਤੇ ਜੋ ਕੁਝ ਵੀ ਸਾਡਾ ਹੈ ਉਹ ਸਭ ਓਸੇ ਦਾ ਹੈ। ਸਾਨੂੰ ਆਪਣੀਆਂ ਬਰਕਤਾਂ ਦੀ ਵਰਤੋਂ ਪੂਰੇ ਜਤਨ ਨਾਲ ਯਿਸੂ ਲਈ ਕਰਨੀ ਚਾਹੀਦੀ ਹੈ।

ਕੁਝ ਮਸੀਹੀ ਲੋਕਾਂ ਦੀ ਸੋਚ ਅਜਿਹੀ ਲਗਦੀ ਹੈ ਕਿ ਉਨ੍ਹਾਂ ਦੇ ਮੁੱਕਣ ਤੋਂ ਪਹਿਲਾਂ ਦਿਨ ਚੰਦਾ ਇਕੱਠਾ ਕੀਤੇ ਜਾਣ ਤੇ ਉਨ੍ਹਾਂ ਦੇ ਪ੍ਰਭੂ ਨੂੰ ਦੇਣ ਦੇ ਬਾਅਦ ਬਾਕੀ ਦਾ ਪੈਸਾ ਉਨ੍ਹਾਂ ਦਾ ਹੁੰਦਾ ਹੈ ਅਤੇ ਉਹ ਉਸ ਨੂੰ ਭਾਵੇਂ ਜਿਹੋ ਜਿਹਾ ਚਾਹੁਣ ਵਰਤੋਂ ਕਰ ਸਕਦੇ ਹਨ। ਖ਼ੁਦਾ ਨੇ ਸਿਰਫ਼ ਚੰਦੇ ਨੂੰ ਵੇਖਣਾ ਹੈ ਬਲਕਿ ਉਹ ਇਸ ਗੱਲ ਨੂੰ ਵੀ ਧਿਆਨ ਵਿਚ ਰੱਖਦਾ ਹੈ ਕਿ ਕੋਈ ਉਸ ਸਭ ਦੀ ਵਰਤੋਂ ਕਿਵੇਂ ਕਰਦਾ ਹੈ ਜਿਹੜੇ ਉਹਦੇ ਕੋਲ ਹਨ।

**ਦੂਜਿਆਂ ਨੂੰ ਮੁਕਤੀ ਵੱਲ ਲੈ ਜਾਣਾ (1:26-28)**

ਪੌਲੁਸ ਨੇ ਇਕ ਭੇਤ ਨੂੰ ਪਰਗਟ ਕਰਨ ਲਈ ਮਿਹਨਤ ਕੀਤੀ (ਆਇਤਾਂ 26, 27)। ਪੁਰਾਣੇ ਨੇਮ ਵਿਚ ਅਧੀਨ ਮੁਕਤੀ ਦੀ ਖ਼ੁਦਾ ਦੀ ਯੋਜਨਾ ਦਾ ਕਿਸੇ ਨੂੰ ਪਤਾ ਨਹੀਂ ਸੀ। ਨਵੇਂ ਨੇਮ ਵਿਚ ਪਰਗਟ ਕੀਤੇ ਜਾਣ ਤਕ ਇਹ ਭੇਤ ਹੀ ਰਿਹਾ ਸੀ (ਅਫ਼ਸੀਆਂ 3:3–5)। ਪੌਲੁਸ ਦਾ ਕੰਮ ਮਨੁੱਖ ਜਾਤੀ ਨੂੰ ਬਚਾਉਣ ਅਤੇ ਇਕ ਕਰਨ ਦੀ ਖ਼ੁਦਾ ਦੀ ਯੋਜਨਾ ਨੂੰ ਦੂਜਿਆਂ ਨੂੰ ਸਮਝਾਉਣ ਵਿਚ ਮਦਦ ਕਰਨਾ ਸੀ। ਅੱਜ ਵੀ ਬਾਈਬਲ ਉਨ੍ਹਾਂ ਲੋਕਾਂ ਲਈ ਇਕ ਭੇਤ ਹੈ ਜਿਹੜੇ ਮੁਕਤੀ ਦੀਆਂ ਸ਼ਰਤਾਂ ਨੂੰ ਨਹੀਂ ਸਮਝਦੇ ਹਨ। ਮਸੀਹ ਦੇ ਪ੍ਰਬੰਧਕਾਂ ਨੂੰ ਦੂਜਿਆਂ ਨੂੰ ਇਹ ਸਮਝਾਉਣ ਵਿਚ ਮਦਦ ਕਰਨੀ ਚਾਹੀਦੀ ਹੈ ਕਿ ਖ਼ੁਦਾ ਉਨ੍ਹਾਂ ਦੀ ਮੁਕਤੀ ਦੇ ਲਈ ਕੀ ਚਾਹੁੰਦਾ ਹੈ।

ਇਸ ਦੇ ਇਲਾਵਾ ਪੌਲੁਸ ਦਾ ਉਦੇਸ਼ ਦੂਜਿਆਂ ਨੂੰ ਮਸੀਹ ਵਿਚ ਸੰਪੂਰਣ ਹੋਣ ਵਿਚ ਮਦਦ ਕਰਨਾ ਸੀ (ਆਇਤ 28)। ਪੌਲੁਸ ਦਾ ਉਦੇਸ਼ ਲੋਕਾਂ ਨੂੰ ਨਾ ਸਿਰਫ਼ ਮਸੀਹੀ ਜੀਵਨ ਆਰੰਭ ਕਰਨ ਵਿਚ ਅਗਵਾਈ ਕਰਨਾ ਬਲਕਿ ਉਨ੍ਹਾਂ ਨੂੰ ਮਸੀਹ ਦੇ ਵਫ਼ਾਦਾਰ ਆਗੂ ਦੇ ਗੁਣ ਵਿਕਸਿਤ ਕਰਕੇ ਸਿੱਧ ਮਸੀਹੀ ਬਣਨ ਵਿਚ ਮਦਦ ਕਰਨਾ ਵੀ ਸੀ। ਮਸੀਹੀ ਮਨੁੱਖ ਨੂੰ ਦਿੱਤਾ ਗਿਆ ਕਮਿਸ਼ਨ ਦੂਜਿਆਂ ਨੂੰ ਮਸੀਹ ਵਿਚ ਬਣਨ ਵਿਚ ਉਤਸ਼ਾਹਿਤ ਕਰਨਾ ਹੈ। ਕਲੀਸੀਆ ਦੇ ਆਗੂ ਦੀ ਖ਼ਾਸ ਜ਼ਿੰਮੇਵਾਰੀ ਇਹ ਹੈ ਕਿ ਜਿਨ੍ਹਾਂ ਨੂੰ ਪਵਿੱਤਰ ਲੋਕਾਂ ਦੀ ਸਿੱਧ ਕਰਨ ਅਤੇ ਵਧਣ ਵਿਚ ਮਦਦ ਕਰਨ ਦਾ ਕੰਮ ਦਿੱਤਾ ਗਿਆ ਹੈ (ਅਫ਼ਸੀਆਂ 4:11–13)। ਮਸੀਹ ਵਿਚ ਸਿੱਧ ਬਣਨ ਦਾ ਤਰੀਕਾ ਉਸ ਦੇ ਵਰਗੇ ਰੂਹਾਨੀ ਗੁਣਾਂ ਵਿਚ ਵਧਣਾ ਹੈ।

**ਦੂਜਿਆਂ ਦੀ ਮਦਦ ਕਰਨਾ (1:29)**

ਮਸੀਹ ਦੀ ਸੇਵਾ ਵਿਚ ਦੂਜਿਆਂ ਦੀ ਉਵੇਂ ਹੀ ਸੇਵਾ ਕਰਨਾ ਹੈ ਜਿਵੇਂ ਯਿਸੂ ਨੇ ਅਤੇ ਪੌਲੁਸ ਨੇ

ਦੂਜਿਆਂ ਦੀ ਸੇਵਾ ਕੀਤੀ। ਆਖਰੀ ਭੋਜ ਦੇ ਬਾਅਦ ਰਸੂਲ ਇਸ ਗੱਲ ਤੇ ਝਗੜਾ ਕਰ ਰਹੇ ਸਨ ਕਿ ਉਨ੍ਹਾਂ ਵਿੱਚੋਂ ਸਭ ਤੋਂ ਵੱਡਾ ਕੌਣ ਹੈ (ਲੂਕਾ 22:24–27)। ਯਿਸੂ ਨੇ ਉਨ੍ਹਾਂ ਨੂੰ ਇਹ ਸਮਝਾਉਣ ਲਈ ਕਿ ਜੋ ਲੋਕ ਸੇਵਾ ਕਰਦੇ ਹਨ ਉਹ ਸਭ ਵੱਡੇ ਹਨ ਇਕ ਉਦਾਹਰਣ ਦਿੱਤੀ (ਯੂਹੰਨਾ 13:1–15)। ਇਕ ਦਾਸ ਦਾ ਕੰਮ ਕਰਕੇ ਆਪਣੇ ਆਪ ਨੂੰ ਛੋਟਾ ਕਰਦੇ ਹੋਏ ਉਸ ਨੇ ਰਸੂਲਾਂ ਦੇ ਪੈਰ ਧੋਤੇ। ਯਿਸੂ ਦੇ ਸਭ ਤੋਂ ਵੱਡੇ ਚੇਲੇ ਉਹ ਲੋਕ ਹਨ ਜਿਹੜੇ ਇਕ ਚਿੱਤ ਹੋ ਕੇ ਉਹ ਦੀ ਅਤੇ ਦੂਜਿਆਂ ਦੀ ਸੇਵਾ ਕਰਦੇ ਹਨ।

ਪੌਲੁਸ ਨੇ ਆਪਣੇ ਸੇਵਕਾਂ ਦੇ ਯਤਨਾਂ ਦਾ ਵਰਣਨ ਕੀਤਾ (ਆਇਤ 29)। ਉਹ ਨੇ ਹੋਰ ਕਿਸੇ ਨਾਲੋਂ ਵੀ ਵਧਕੇ ਮਿਹਨਤ ਕੀਤੀ ਅਤੇ ਦੁੱਖ ਝੱਲੇ (1 ਕੁਰਿੰਥੀਆਂ 15:10; 2 ਕੁਰਿੰਥੀਆਂ 11:23–28)। ਆਉਣ ਵਾਲੇ ਨਿਆਂ, ਪ੍ਰਭੂ ਦਾ ਭੈਅ, ਮਸੀਹ ਦੇ ਪ੍ਰੇਮ ਅਤੇ ਇਸ ਤੱਥ ਦੇ ਕਾਰਣ ਕਿ ਯਿਸੂ ਉਸਦੇ ਲਈ ਮਰਿਆ ਪੌਲੁਸ ਮਸੀਹ ਨੂੰ ਖੁਸ਼ ਕਰਨ ਦੀ ਇੱਛਾ ਨਾਲ ਮਰਿਆ (2 ਕੁਰਿੰਥੀਆਂ 5:14, 15; ਗਲਾਤੀਆਂ 2:20)। ਇਹ ਧਿਆਨ ਵਿਚ ਰੱਖਦੇ ਹੋਏ ਕਿ ਪੌਲੁਸ ਨੇ ਐਨੀ ਵੱਡੀ ਸੇਵਾ ਕਿਉਂ ਕੀਤੀ, ਹਰ ਮਸੀਹੀ ਸੇਵਕ ਦੇ ਆਪਣੇ ਮਹੱਤਵ ਨੂੰ ਭਰਨ ਦੇ ਲਈ ਉਤਸ਼ਾਹਿਤ ਹੋ ਸਕਦਾ ਹੈ (ਰੋਮੀਆਂ 12:6–8)।

**ਖ਼ੁਦਾ ਦੀ ਸਮਰੱਥਾ ਦੇ ਰਾਹੀਂ ਸੇਵਾ ਕਰਨਾ (1:29)**

ਖ਼ੁਦਾ ਪੌਲੁਸ ਦੇ ਰਾਹੀਂ ਕੰਮ ਕਰ ਰਿਹਾ ਸੀ (ਆਇਤ 29)। ਜੇ ਸਾਰਾ ਕੰਮ ਖ਼ੁਦਾ ਹੀ ਕਰਦਾ ਤਾਂ ਮਨੁੱਖ ਦੀ ਲੋੜ ਨਾ ਹੁੰਦੀ। ਪਰ ਖ਼ੁਦਾ ਨੇ ਜਲਾਲੀ ਇੰਜੀਲ ਮਸੀਹੀ ਲੋਕਾਂ ਦੇ ਹੱਥਾਂ ਵਿਚ ਸੌਂਪ ਦਿੱਤਾ ਹੈ (2 ਕੁਰਿੰਥੀਆਂ 4:7)। ਅਸੀਂ ਉਹ ਹਥਿਆਰ ਹਾਂ ਜਿਸ ਦੇ ਰਾਹੀਂ ਉਹ ਸੇਵਾ ਕਰਦਾ ਹੈ ਅਤੇ ਦੂਜਿਆਂ ਤਕ ਆਪਣੇ ਵਚਨ ਨੂੰ ਫੈਲਾਉਂਦਾ ਹੈ (1 ਕੁਰਿੰਥੀਆਂ 3:5–9)। ਯਿਸੂ ਦਾ ਹੁਕਮ ਮਸੀਹੀ ਲੋਕਾਂ ਦੇ ਲਈ ਸਾਰੇ ਸੰਸਾਰ ਵਿਚ ਉਸ ਦਾ ਸੰਦੇਸ਼ ਲੈ ਜਾਣ ਦਾ ਹੈ (ਮੱਤੀ 28:19; ਮਰਕੁਸ 16:15, 16)। ਉਹ ਉਨ੍ਹਾਂ ਨੂੰ ਮਜ਼ਬੂਤ ਕਰਦਾ ਹੈ ਜਿਹੜਾ ਆਪਣੀ ਇੱਛਾ ਦੇ ਨਾਲ ਉਹ ਦੇ ਹੁਕਮ ਮੰਨਦੇ ਹਨ (ਫ਼ਿਲਿੱਪੀਆਂ 4:13)। ਮਸੀਹੀ ਲੋਕਾਂ ਨੂੰ ਯਿਸੂ ਦੀ ਸੇਵਾ ਦੇ ਹਰ ਮੌਕੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਉਹ ਗੁਆਚਿਆਂ ਹੋਇਆਂ ਨੂੰ ਲੱਭਣ ਅਤੇ ਉਨ੍ਹਾਂ ਦੀ ਮੁਕਤੀ ਕਰਨ ਦੇ ਉਸ ਕੰਮ ਨੂੰ ਜਿਹ ਨੂੰ ਉਹ ਨੇ ਆਰੰਭ ਕੀਤਾ ਸੀ ਪੂਰਾ ਕਰਨ ਲਈ ਆਪਣੇ ਪ੍ਰਚਾਰਕਾਂ ਤੇ ਨਿਰਭਰ ਹੈ।

---

ਟਿੱਪਣੀਆਂ

[1]ਵਿਲੀਅਮ ਹੈਂਡ੍ਰਿਕਸਨ, *ਐਕਪੋਜ਼ਿਸ਼ਨ ਆਫ਼ ਕੋਲੋਸੀਅੰਜ਼ ਐਂਡ ਫਿਲੇਮੋਨ,* ਨਿਊ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਉਸ, 1964), 86. [2]ਐੱਚ. ਸੀ. ਜੀ. ਮਾਉਲ, *ਦ ਐਪਿਸਟਲਜ਼ ਟੂ ਦ ਕੋਲੋਸੀਅੰਜ਼ ਐਂਡ ਟੂ ਫਿਲੇਮੋਨ,* ਦ ਕੈਂਬ੍ਰਿਜ ਬਾਈਬਲ ਫ਼ਾਰ ਸਕੂਲਜ਼ ਐਂਡ ਕਾਲੇਜਸ (ਕੈਂਬ੍ਰਿਜ: ਯੂਨੀਵਰਸਿਟੀ ਪ੍ਰੈੱਸ, 1893; ਰੀਪ੍ਰਿੰਟ, 1902), 90. [3]ਐਡੂਅਰਡ ਸ਼ਵੇਜ਼ਰ, *ਦ ਲੈਟਰ ਟੂ ਦ ਕੋਲੋਸੀਅੰਜ਼: ਏ ਕਮੈਂਟਰੀ,* ਅਨੁ. ਐਂਡ੍ਰਿਊ ਚੈਸਟਰ (ਜ਼ਿਉਰਿਕ: ਬੇਨਜ਼ਾਈਗਰ ਵਰਲੈਗ, 1976; ਰੀਪ੍ਰਿੰਟ, ਮਿਨਿਆਪੁਲਿਸ: ਆਗਸਬਰਗ ਪਬਲੀਸ਼ਿੰਗ ਹਾਊਸ, 1982), 105–6. [4]ਵਾਲਟਰ ਬਾਉਰ, *ਏ ਗ੍ਰੀਕ–ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ ਤੀਜੀ, ਸੋਧ ਅਤੇ ਸੰਪਾ. ਫ਼੍ਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 230. [5]ਵੇਖੋ ਰੋਮੀਆਂ 1:1; 1 ਕੁਰਿੰਥੀਆਂ 1:1; 2 ਕੁਰਿੰਥੀਆਂ 1:1; ਗਲਾਤੀਆਂ 1:1; ਕੁਲੁੱਸੀਆਂ 1:1; 1 ਤਿਮੋਥਿਉਸ 1:1; 2 ਤਿਮੋਥਿਉਸ 1:1. [6]ਵੇਖੋ ਰਸੂਲਾਂ ਦੇ ਕੰਮ 13:46; 14:25; 15:35, 36;

16:32; 17:13; 18:5, 11; 1 ਕੁਰਿੰਥੀਆਂ 15:2; ਫ਼ਿਲਿੱਪੀਆਂ 1:14; 1 ਥੱਸਲੁਕੀਆਂ 2:13. [7]ਜੇ. ਬੀ. ਲਾਈਟਫ਼ੁੱਟ, *ਸੇਂਟ ਪੌਲ'ਜ਼ ਐਪਿਸਟਲਜ਼ ਟੂ ਦ ਕੋਲੋਸੀਅੰਜ਼ ਐਂਡ ਟੂ ਫਿਲੇਮੋਨ*, ਸੋਧ (ਲੰਡਨ: ਮੈਕਮਿਲਨ ਐਂਡ ਕੰ., 1916), 166. [8]ਵੇਖੋ ਰੋਮੀਆਂ 11:25; 16:25; 1 ਕੁਰਿੰਥੀਆਂ 2:7; 4:1; ਅਫ਼ਸੀਆਂ 1:9; 3:3–11; ਕੁਲੁੱਸੀਆਂ 1:27; 4:3. [9]ਵੇਖੋ ਉਤਪਤ 22:18; 26:4; 28:14; 49:10; ਜ਼ਬੂਰ 72:8; ਯਸਾਯਾਹ 2:2, 3; 54:2, 3; 60:1–3; ਮੀਕਾ 4:1, 2; ਮਲਾਕੀ 1:11. [10]1 ਕੁਰਿੰਥੀਆਂ 2:6; 14:20; ਅਫ਼ਸੀਆਂ 4:13; ਇਬਰਾਨੀਆਂ 5:14 ਵਿਚ ਇਸ ਸ਼ਬਦ ਦਾ ਅਨੁਵਾਦ ''ਸਿਆਣੇ'' ਕੀਤਾ ਗਿਆ ਹੈ। ਮੱਤੀ 5:48; ਰੋਮੀਆਂ 12:2; 1 ਕੁਰਿੰਥੀਆਂ 13:10; ਫ਼ਿਲਿੱਪੀਆਂ 3:15; ਕੁਲੁੱਸੀਆਂ 4:12; ਇਬਰਾਨੀਆਂ 9:11; ਯਾਕੂਬ 1:4, 17, 25; 3:2; 1 ਯੂਹੰਨਾ 4:18 ਵਿਚ ਇਸ ਦਾ ਅਨੁਵਾਦ ''ਸਿੱਧ'' ਕੀਤਾ ਗਿਆ ਹੈ।